Hansti Duniya (Punjabi)
✶Vol. 47 ✶No. 05 ✶May 2023

₹ 15/-

# ਹੰਸਤੀ ਦੁਨੀਆ



# ਹੱਸਤੀ ਦੁਨੀਆ

★ VOL - 47

★ ਅੰਕ - 05 ★ ਮਈ 2023 ★ Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher Raj Kumari, on behalf of Sant Nirankari Mandal, Delhi-110009, Printed at HT Media Limited, Plot No. 8, Udyog Vihar, Greater Noida- 201306 (U.P.) & published at Sant Nirankari Satsang Bhawan, Sant Nirankari Colony, Delhi-110009



Editor (Honorary)

Sulekh Singh 'Sathi'

E-mail : hduniya.punjabi@nirankari.org
editorial@nirankari.org

Ph. : 011-47660200

Fax : 011-27608215

Website : www.nirankari.org
kids.nirankari.org



Subscription Details


| ਦੇਸ਼ | 1 ਸਾਲ | 3 ਸਾਲ | 5 ਸਾਲ | 11 ਸਾਲ |
|---|---|---|---|---|
| ਭਾਰਤ/ਨੇਪਾਲ | ₹ 150 | ₹ 400 | ₹ 700 | ₹ 1500 |
| ਯੂ.ਕੇ. | £ 15 | £ 40 | £ 70 | £ 150 |
| ਯੂਰਪ | € 20 | € 55 | € 95 | € 200 |
| ਅਮਰੀਕਾ | $ 25 | $ 70 | $ 120 | $ 250 |
| ਕਨਾਡਾ/ਆਸਟ੍ਰੇਲੀਆ | $ 30 | $ 85 | $ 140 | $ 300 |

ਹੋਰ ਦੇਸ਼ : ਉਪ੍ਰੋਕਤ ਅਨੁਸਾਰ ਅਮਰੀਕੀ ਡਾਲਰ ਦੇ ਬਰਾਬਰ ਰਾਸ਼ੀ














## ਸਤੰਭ


ਸਭ ਤੋਂ ਪਹਿਲਾਂ 04

ਵਿਗਿਆਨ ਪ੍ਰਸ਼ਨੋਤਰੀ 12

ਹਾਸਾ-ਖੇਡਾ 18

ਸਾਧਾਰਣ ਗਿਆਨ ਪ੍ਰਸ਼ਨੋਤਰੀ 21

ਕੀ ਤੁਸੀਂ ਜਾਣਦੇ ਹੋ? 29

ਰੰਗ ਭਰੋ ਪ੍ਰਤੀਯੋਗਿਤਾ 39

ਕਦੇ ਨਾ ਭੁੱਲੋ 44

ਬੁੱਧੀ ਦੀ ਪਰਖ 50


## ਚਿੱਤਰਕਥਾਵਾਂ


ਕਿੱਟੀ 22

ਚਿਤੱਰਕਥਾ 46




## ਕਹਾਣੀਆਂ


06. ਦ੍ਰਿੜ ਨਿਸ਼ਚਾ
 – ਡਾ. ਫਕੀਰਚੰਦ

13. ਬਨੇਰੇ ਤੇ ਬੱਚੀ
 – ਪ੍ਰਿਤਪਾਲ ਸਾਦਿਕ

20. ਦਿਲ ਕੰਚਨ ਬਣਾ ਲਿਆ
 – ਈਲੂ ਰਾਣੀ

26. ਸੁੰਦਰਵਨ ਦੀ ਇੱਕ ਸਵੇਰ
 – ਗੋਵਿੰਦ ਸਾਂਵਲ

30. ਦ੍ਰਿੜ ਇੱਛਾ ਸ਼ਕਤੀ ਦੀ ...
 – ਹਰਮਨ ਅਰੋੜਾ

34. ਉਲਟੀ ਪਈ ਹੁਸ਼ਿਆਰੀ
 – ਅਮਰਜੀਤ ਸਿੰਘ ਅਮਰ

41. ਵਫ਼ਾਦਾਰ ਹਾਥੀ
 – ਅਮਨਪ੍ਰੀਤ ਸਿੰਘ

45. ਜ਼ਿੰਮੇਵਾਰੀ...
 – ਰਾਘਵਦਾਸ ਨਿਰੰਕਾਰੀ


## ਗੀਤ-ਕਵਿਤਾਵਾਂ


05. ਤੁਸੀਂ ਸੋਨੇ ਤੋਂ ਖਰੇ ਹੋ...
 – ਮਦਨ 'ਸ਼ੇਖਪੁਰੀ'

17. ਅੱਗੇ ਵਧਦੇ ਜਾਣਾ
 – ਰਾਜਕੁਮਾਰ ਰਾਜਨ

28. ਰਚਨਾ ਸਭ ਤੇਰੀ ਭਗਵਾਨ
 – ਪ੍ਰਭਜੋਤ ਕੌਰ

33. ਤਾਂ ਕਹਾਵਾਂਗੇ ਮਹਾਨ
 – ਸਤਿ ਨਾਰਾਇਣ

38. ਤਿਤਲੀ
 – ਹਰਜਿੰਦਰ ਪਾਇਲ





## ਵਿਸ਼ੇਸ਼ ਲੇਖ


10. ਹਰੜ
 – ਰਾਜ ਕੁਮਾਰ ਜੈਨ

16. ਮੱਕੜੀ-ਬਿੱਛੂ
 – ਪਰਸ਼ੂਰਾਮ ਸ਼ੁਕਲ

32. ਜਿਰਾਫ
 – ਜਗਤਾਰ ਚਮਨ

37. ਟੇਲਰ ਬਰਡ
 – ਫੇਨਮ ਸੋਗਾਨੀ









# ਸਹਿਯੋਗ ਦੀ ਭਾਵਨਾ

ਪਿਆਰੇ ਬੱਚਿਓ ! ਇਸ ਸੰਸਾਰ ਦੀ ਬਣਤਰ ਪ੍ਰਭੂ-ਨਿਰੰਕਾਰ ਵੱਲੋਂ ਅਜਿਹੀ ਬਣਾਈ ਗਈ ਹੈ ਕਿ ਇਨਸਾਨ ਨੂੰ ਹਰ ਕਦਮ ਤੇ ਇੱਕ-ਦੂਜੇ ਦੀ ਮਦਦ ਦੀ ਲੋੜ ਪੈਂਦੀ ਹੈ। ਜਨਮ ਤੋਂ ਹੀ ਅਰੰਭ ਕਰੀਏ ਤਾਂ ਬੱਚੇ ਲਈ ਆਪਣੇ ਮਾਤਾ-ਪਿਤਾ, ਭੈਣਾਂ-ਭਰਾਵਾਂ ਦਾ ਸਹਾਰਾ ਜ਼ਰੂਰੀ ਹੁੰਦਾ ਹੈ। ਉਨ੍ਹਾਂ ਦੀ ਮਦਦ ਨਾਲ ਜਾਂ ਉਨ੍ਹਾਂ ਦੇ ਸਹਿਯੋਗ ਨਾਲ ਹੀ ਬੱਚੇ ਦੇ ਜੀਵਨ ਸਫ਼ਰ ਦੀ ਸ਼ੁਰੂਆਤ ਹੁੰਦੀ ਹੈ। ਬੱਚੇ ਨੂੰ ਚਲਣਾ-ਫਿਰਨਾ, ਬੋਲਣਾ-ਚਾਲਣਾ ਅਤੇ ਆਪਣੇ ਬਾਕੀ ਲੋੜੀਂਦੇ ਕੰਮਾਂ ਨੂੰ ਪੂਰਨ ਕਰਨ ਲਈ ਕਿਸੇ ਨਾ ਕਿਸੇ ਦੀ ਮਦਦ ਜਾਂ ਸਹਾਰੇ ਦੀ ਲੋੜ ਹੁੰਦੀ ਹੈ। ਕੋਈ ਵੀ ਪ੍ਰਾਪਤੀ ਉਹ ਅਪਣੇ ਬਲ-ਬੂਤੇ ਤੇ ਹਾਸਿਲ ਨਹੀਂ ਕਰ ਸਕਦਾ। ਵਿਦਿਆ ਗ੍ਰਹਿਣ ਕਰਨ ਲਈ ਅਧਿਆਪਕ ਦੀ ਸ਼ਰਨ ਵਿੱਚ ਜਾਣਾ ਪੈਂਦਾ ਹੈ। ਕੋਈ ਵੀ ਹੁਨਰ ਹਾਸਿਲ ਕਰਨ ਲਈ ਉਸ ਹੁਨਰ ਦੇ ਜਾਣਕਾਰ ਦੀ ਸ਼ਰਨ ਵਿੱਚ ਜਾਣਾ ਪੈਂਦਾ ਹੈ। ਰੁਜ਼ਗਾਰ ਲਈ ਵੀ ਦੂਜਿਆਂ ਦੀ ਮਦਦ ਤੇ ਨਿਰਭਰ ਹੋਣਾ ਪੈਂਦਾ ਹੈ।

ਪ੍ਰਭੂ-ਨਿਰੰਕਾਰ ਰਾਹੀਂ ਬਣਾਈ ਗਈ ਇਹ ਵਿਧੀ ਸਾਨੂੰ ਇੱਕ-ਦੂਜੇ ਤੇ ਨਿਰਭਰ ਹੋਣ ਅਤੇ ਇੱਕ-ਦੂਜੇ ਦੇ ਸਹਿਯੋਗ ਦੀ ਪ੍ਰੇਰਣਾ ਦਿੰਦੀ ਹੈ। ਸਪਸ਼ਟ ਹੈ ਕਿ ਮਨੁੱਖੀ ਹੋਂਦ ਸਹਿਹੋਂਦ ਤੇ ਹੀ ਆਧਾਰਿਤ ਹੈ। ਆਪਸੀ ਸਹਿਯੋਗ ਦੀ ਭਾਵਨਾ ਸਹਿਜ ਅਤੇ ਆਰਾਮਦਾਇਕ ਜੀਵਨ ਬਤੀਤ ਕਰਨ ਵਿੱਚ ਸਹਾਇਕ ਹੁੰਦੀ ਹੈ। ਇਸ ਲਈ ਰੱਬੀ-ਪੁਰਸ਼ਾਂ ਨੇ ਹਮੇਸ਼ਾ ਆਪਸੀ ਪਿਆਰ ਅਤੇ ਸਾਂਝ ਦੀ ਪ੍ਰੇਰਣਾ ਦਿੱਤੀ ਹੈ। ਇਸ ਪ੍ਰੇਰਣਾ ਨੂੰ ਅਮਲੀ ਰੂਪ ਦੇਣਾ ਸਾਨੂੰ ਬਚਪਨ ਤੋਂ ਹੀ ਸ਼ੁਰੂ ਕਰ ਦੇਣਾ ਚਾਹੀਦਾ ਹੈ ਕਿਉਂਕਿ ਬਚਪਨ ਤੋਂ ਹੀ ਅਪਨਾਈ ਗਈ ਸਿੱਖਿਆ ਸਾਨੂੰ ਜੀਵਨ ਦੇ ਹਰ ਖੇਤਰ ਵਿੱਚ ਸਫਲਤਾਪੂਰਵਕ ਅੱਗੇ ਵੱਧਣ ਵਿੱਚ ਸਹਾਇਕ ਹੁੰਦੀ ਹੈ। ਪ੍ਰਸਪਰ ਸਹਿਯੋਗ ਦੀ ਭਾਵਨਾ ਸਾਡੀਆਂ ਕਈ ਮੁਸ਼ਕਿਲਾਂ ਨੂੰ ਹਲ ਕਰ ਦਿੰਦੀ ਹੈ। ਪੜਾਈ ਵਿੱਚ ਆਉਣ ਵਾਲੀਆਂ ਕਈ ਮੁਸ਼ਕਿਲਾਂ ਅਕਸਰ ਸਹਿਪਾਠੀ ਇੱਕ-ਦੂਜੇ ਦੀ ਮਦਦ ਨਾਲ ਹੱਲ ਕਰ ਲੈਂਦੇ ਹਨ। ਇੱਕ ਆਮ ਕਹਾਵਤ ਵੀ ਹੈ ਕਿ ਇੱਕ ਹੱਥ ਦੂਜੇ ਨੂੰ ਧੋਂਦਾ ਹੈ। ਭਾਵ ਮਿਲਜੁਲ ਕੇ ਕੰਮ ਕਰਨ ਨਾਲ ਹੀ ਸਾਰੇ ਮਸਲੇ ਹਲ ਹੁੰਦੇ ਹਨ।

ਸੋ ਬੱਚਿਓ ! ਜੀਵਨ ਦੇ ਹਰ ਖੇਤਰ ਵਿੱਚ ਅਪਣੇ ਸਹਿਪਾਠੀਆਂ ਅਤੇ ਸਹਿਯੋਗੀਆਂ ਪ੍ਰਤੀ ਪਿਆਰ ਤੇ ਮਿਲਵਰਤਨ ਦੀ ਭਾਵਨਾ ਅਪਨਾ ਕੇ ਰੱਖਣੀ ਹੈ। ਇੱਕ-ਦੂਜੇ ਦੀ ਮਦਦ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਪ੍ਰਸਪਰ ਮਿਲਵਰਤਣ ਅਤੇ ਪਿਆਰ ਸਾਡੇ ਜੀਵਨ ਨੂੰ ਸਫਲਤਾ ਦੀਆਂ ਸਿਖਰਾਂ ਤੇ ਲੈ ਜਾਣ ਵਿੱਚ ਮਦਦਗਾਰ ਹੁੰਦੇ ਹਨ।

✍ **ਸੁਲੇਖ 'ਸਾਥੀ'**
sulekh.sathi@nirankari.org

ਕਵਿਤਾ : ਮਦਨ 'ਸ਼ੇਖਪੁਰੀ'

# ਤੁਸੀਂ ਸੋਨੇ ਤੋਂ ਖਰੇ ਹੋ ਬੱਚਿਉ!

ਹਰੀ ਘਾਹ ਤੋਂ ਹਰੇ ਹੋ ਬੱਚਿਉ,
ਤੁਸੀਂ ਸੋਨੇ ਤੋਂ ਖਰੇ ਹੋ ਬੱਚਿਉ।
ਫੁੱਲਾਂ ਵਰਗੀ ਮੁਸਕਾਨ ਲਏ ਤੁਸੀਂ,
ਪ੍ਰੇਮ-ਪਿਆਰ ਨਾਲ ਭਰੇ ਹੋ ਬੱਚਿਉ!

ਕੇਵਲ ਭੁੱਖ ਤੁਹਾਨੂੰ ਦੁੱਖ ਦਿੰਦੀ,
ਉਲਝਣ ਦੀ ਨਹੀਂ ਕਰਦੇ ਖੇਤੀ।
ਪਲ ਵਿੱਚ ਰੁਸੋ ਪਲ ਵਿੱਚ ਮੰਨੋਂ,
ਭੇਦ-ਭਾਵ ਤੋਂ ਪਰੇ ਹੋ ਬੱਚਿਉ।

ਲਾਲਚ ਲੋਭ ਨਹੀਂ ਹੈ ਮਨ ਵਿੱਚ,
ਗਵਾਚੇ ਰਹਿੰਦੇ ਹੋ ਆਪਣੇਪਨ ਵਿੱਚ।
ਭੋਲੀ-ਭਾਲੀ, ਸਿੱਧੀ -ਸਾਦੀ,
ਇਸ ਆਦਤ ਨਾਲ ਘਿਰੇ ਹੋ ਬੱਚਿਉ।

ਰੰਗ ਦੇ ਚਾਹੇ ਗੋਰੇ-ਕਾਲੇ,
ਲਗਦੇ ਹੋ ਤੁਸੀਂ ਪਿਆਰੇ-ਪਿਆਰੇ।
ਗੋਕੁਲ ਦੇ ਕਾਨ੍ਹਾ ਦੇ ਵਾਂਗੂੰ,
ਸਾਰੇ ਇੱਕੋ ਜਿਹੇ ਹੋ ਬੱਚਿਉ।





# ਦ੍ਰਿੜ ਨਿਸ਼ਚਾ

ਸਕੂਲ ਦੀ ਛੁੱਟੀ ਹੋਣ ਤੇ ਅਰਾਧਯ ਵੀ ਹੋਰ ਬੱਚਿਆਂ ਦੀ ਤਰ੍ਹਾਂ ਘਰ ਦੇ ਲਈ ਪੈਦਲ ਚੱਲਣ ਲੱਗਾ। ਗਰਮੀ ਦਾ ਮੌਸਮ ਤੇਜ਼ ਧੁੱਪ। ਮਾਰੇ ਪਸੀਨੇ ਦੇ ਉਸ ਦਾ ਬੁਰਾ ਹਾਲ ਹੋਇਆ ਜਾ ਰਿਹਾ ਸੀ। ਜਿਥੇ ਸਾਰੇ ਬੱਚੇ ਤੇਜ਼-ਤੇਜ਼ ਚੱਲ ਰਹੇ ਸਨ ਉਥੇ ਅਰਾਧਯ ਬੜੀ ਧੀਮੀ ਚਾਲ ਚਲ ਰਿਹਾ ਸੀ। ਬਸਤੇ ਦਾ ਭਾਰ ਤਾਂ ਸੀ ਹੀ ਪਰ ਉਸ ਦਾ ਆਪਣਾ ਭਾਰ ਵੀ ਘੱਟ ਨਹੀਂ ਸੀ।

ਹੁਣ ਘਰ ਪਹੁੰਚ ਕੇ ਉਸ ਨੂੰ ਪੌੜੀਆਂ ਚੜਨੀਆਂ ਪੈਣੀਆਂ ਸਨ। ਉਸ ਨੂੰ ਆਪਣੇ ਪਾਪਾ ਤੇ ਵੀ ਕ੍ਰੋਧ ਆ ਰਿਹਾ ਸੀ। ਕੀ ਲੋੜ ਸੀ ਦੋ ਮੰਜ਼ਿਲਾ ਘਰ ਬਣਵਾਉਣ ਦੀ। ਪਹਿਲਾਂ ਹੇਠਾਂ ਵਾਲੀ ਮੰਜ਼ਿਲ ਤੇ ਰਹਿੰਦੇ ਸਨ। ਪਰ ਪਤਾ ਨਹੀਂ ਪਾਪਾ ਨੂੰ ਕੀ ਸੁਝਿਆ ਕਿ ਇੱਕ ਮੰਜ਼ਿਲ ਹੋਰ ਬਣਵਾ ਕੇ ਹੇਠਾਂ ਵਾਲੀ ਮੰਜ਼ਿਲ ਕਿਰਾਏ ਤੇ ਚੜਾ ਦਿੱਤੀ ਸੀ। ਹੁਣ ਬੇਵਜ੍ਹਾ ਪੌੜੀਆਂ ਚੜਨੀਆਂ ਪੈਂਦੀਆਂ ਸਨ।

ਖੈਰ! ਜਿਵੇਂ-ਤਿਵੇਂ ਕਰਕੇ ਅਰਾਧਯ ਪੌੜੀਆਂ ਚੜ ਕੇ ਕਮਰੇ ਵਿੱਚ ਆ ਗਿਆ।

'ਆ ਗਏ ਬੇਟਾ।' ਮੰਮੀ ਉਸ ਨੂੰ ਵੇਖਦੇ ਹੀ ਬੋਲੀ, 'ਛੇਤੀ ਨਾਲ ਹੱਥ-ਮੂੰਹ ਧੋ ਲਉ। ਮੈਂ ਖਾਣਾ ਲਗਾ ਦੇਂਦੀ ਹਾਂ।'

'ਐਨੀ ਕਿਹੜੀ ਛੇਤੀ ਹੈ? ਪਹਿਲਾਂ ਥੋੜੀ ਸਾਹ ਤਾਂ ਲੈ ਲਵਾਂ।' ਅਰਾਧਯ ਨੇ ਖਿਝ ਕੇ ਕਿਹਾ।

'ਇੰਝ ਕਿਉਂ ਬੋਲਦਾ ਹੈ?'' ਮੰਮੀ ਨੇ ਹੈਰਾਨ ਹੋ ਕੇ ਉਸ ਵੱਲ ਵੇਖਿਆ। ਪਰ ਅਰਾਧਯ ਗਰਦਨ ਝੁਕਾ ਕੇ ਗਹਿਰੀ ਸਾਹ ਲੈਂਦਾ ਰਿਹਾ।

ਕੁਝ ਸਮੇਂ ਬਾਅਦ ਉਹ ਉਠਿਆ ਅਤੇ ਹੱਥ ਧੋ ਕੇ 'ਡਾਇਨਿੰਗ ਟੇਬਲ' ਤੇ ਜਾ ਬੈਠਾ। ਮੰਮੀ ਨੇ ਉਸ ਦੇ ਅੱਗੇ ਖਾਣਾ ਪਰੋਸ ਦਿੱਤਾ। ਇੱਕ ਪਲੇਟ ਵਿੱਚ ਖੀਰਾ, ਗਾਜਰ, ਟਮਾਟਰ, ਪਿਆਜ ਆਦਿ ਦਾ ਸਲਾਦ ਰੱਖ ਦਿੱਤਾ। ਥਾਲੀ ਵਿੱਚ ਰੋਟੀ, ਦਾਲ, ਸਬਜੀ ਦੇ ਇਲਾਵਾ ਇੱਕ ਕਟੋਰੀ ਦਹੀ ਵੀ ਸੀ।

ਅਰਾਧਯ ਨੇ ਨੱਕ ਚੜਾ ਕੇ ਪਹਿਲਾਂ ਤਾਂ ਭੋਜਨ ਦੀ ਥਾਲੀ ਵੱਲ ਵੇਖਿਆ ਫਿਰ ਦਾਲ ਦੀ ਕਟੋਰੀ ਵਿਚੋਂ ਚਮਚ ਭਰਦੇ ਹੀ ਥੋੜਾ ਰੁਖੇ ਸੁਰ ਵਿੱਚ ਕਿਹਾ- 'ਇਹ ਕੀ, ਫਿਰ ਦਾਲ ਬਣਾ ਦਿੱਤੀ ਅਤੇ ਇਹ ਕੀ ਸਲਾਦ ਦੀ ਪਲੇਟ ਭਰ ਦਿੱਤੀ.... ਕਿੰਨੀ ਵਾਰ ਕਿਹਾ ਹੈ ਮੈਨੂੰ ਇਹ ਸਲਾਦ ਬਿਲਕੁਲ ਵੀ ਪਸੰਦ ਨਹੀਂ?' ਅਤੇ ਸਲਾਦ ਦੀ ਪਲੇਟ ਪਰੇ ਸਰਕਾ ਦਿੱਤੀ।

'ਪਰ ਬੇਟਾ, ਸਲਾਦ ਖਾਣਾ ਤਾਂ ਸਿਹਤ ਲਈ ਲਾਭਕਾਰੀ ਹੈ।' ਮਾਂ ਨੇ ਉਸ ਨੂੰ ਸਮਝਾਉਂਦੇ ਹੋਏ ਕਿਹਾ।

ਅਰਾਧਯ ਕੁੱਝ ਨਹੀਂ ਬੋਲਿਆ। ਚੁਪਚਾਪ ਉਠ ਖੜਾ ਹੋਇਆ ਅਤੇ 'ਮੈਂ ਹੁਣੇ ਆਇਆ.... ਬੋਲ ਕੇ ਉਥੋਂ ਚਲ ਪਿਆ ਅਤੇ ਉਸ ਦੇ ਕਦਮ ਘਰ ਦੇ ਕੋਲ ਨਵੀਂ ਖੁਲ੍ਹੀ 'ਫਾਸਟ ਫੂਡਜ਼' ਦੀ ਦੁਕਾਨ ਵੱਲ ਚੱਲਣ ਲੱਗੇ ਸਨ।

ਸਕੂਲ ਤੋਂ ਵਾਪਸ ਆਉਂਦੇ ਸਮੇਂ ਤਾਂ ਉਸ ਦੇ ਲਈ ਚਲ ਸਕਣਾ ਵੀ ਮੁਸ਼ਕਿਲ ਲਗ ਰਿਹਾ ਸੀ ਪਰ ਹੁਣ ਨਾ ਜਾਣੇ ਕਿਥੋਂ ਉਸ ਦੇ ਕਦਮਾਂ ਵਿੱਚ ਐਨੀ ਫੁਰਤੀ ਆ ਗਈ ਸੀ।


ਕੁਝ ਸਮਾਂ ਬਾਦ ਹੀ ਉਹ ਬਰਗਰ ਅਤੇ ਨਿਊਡਲਜ਼ ਲੈ ਕੇ ਘਰ ਵਾਪਸ ਆਇਆ ਸੀ। ਨਾਲ ਹੀ ਕੋਕ ਦੀ ਵੱਡੀ ਬੋਤਲ ਵੀ ਲੈ ਆਇਆ ਸੀ। ਹੁਣ ਉਹ ਮਜ਼ੇ ਨਾਲ ਇਹਨਾਂ ਦਾ ਆਨੰਦ ਲੈਣ ਲੱਗਾ ਸੀ।

ਅੱਜ ਪਹਿਲੀ ਵਾਰ ਹੀ ਅਜਿਹਾ ਨਹੀਂ ਹੋਇਆ ਸੀ ਕਿ ਉਸ ਨੇ ਖਾਣੇ ਦੀ ਥਾਲੀ ਨੂੰ ਠੁਕਰਾ ਕੇ 'ਫਾਸਟ ਫੂਡਸ' ਨੂੰ ਪਹਿਲ ਦਿੱਤੀ ਹੈ। ਇਹ ਤਾਂ ਉਸ ਦਾ ਲਗਭਗ ਹਰ ਰੋਜ਼ ਦਾ ਕੰਮ ਸੀ। ਸਕੂਲ ਵਿੱਚ ਵੀ ਅੱਧੀ ਛੁੱਟੀ ਦੇ ਸਮੇਂ ਉਹ 'ਨਿਊਡਲਜ਼' ਜਾਂ 'ਪੇਟੀਜ਼' ਖਾ ਲਿਆ ਕਰਦਾ ਸੀ।

ਪਾਪਾ ਅਕਸਰ ਉਸ ਨੂੰ ਟੋਕ ਵੀ ਦਿੰਦੇ ਸਨ ਅਤੇ ਪਿਆਰ ਨਾਲ ਸਮਝਾਉਂਦੇ ਵੀ ਰਹਿੰਦੇ ਸਨ ਕਿ 'ਫਾਸਟ ਫੂਡ' ਦੇ ਸੇਵਨ ਨਾਲ ਕਈ ਤਰ੍ਹਾਂ ਦੇ ਵਿਕਾਰ ਹੋ ਜਾਂਦੇ ਹਨ। ਪਰ ਅਰਾਧਯ ਉਹਨਾਂ ਦੀ ਨਸੀਹਤ ਇੱਕ ਕੰਨ ਨਾਲ ਸੁਣ ਕੇ ਦੂਸਰੇ ਤੋਂ ਕੱਢ ਦਿੰਦਾ ਸੀ।

'ਫਾਸਟ ਫੂਡਜ' ਦੇ ਲਗਾਤਾਰ ਸੇਵਨ ਨਾਲ ਉਸ ਦਾ ਵਜਨ ਕਾਫੀ ਵਧ ਗਿਆ ਸੀ। ਹੁਣ ਤਾਂ ਉਸ ਨੂੰ ਭੁੱਖ ਵੀ ਘੱਟ ਲੱਗਣ ਲੱਗੀ ਸੀ। ਫਿਰ ਵੀ ਉਹ ਵਾਰ-ਵਾਰ ਸਮੋਸੇ, ਟਿੱਕੀ ਜਾਂ ਬ੍ਰੈਡ ਪਕੌੜੇ ਢਿੱਡ ਵਿੱਚ ਠੂਸ ਹੀ ਲੈਂਦਾ ਸੀ। 'ਫਾਸਟ ਫੂਡਜ' ਦੇ ਸਿਵਾਏ ਨਾ ਤਾਂ ਉਸ ਨੂੰ ਕੁੱਝ ਖਾਣ ਦੀ ਇੱਛਾ ਹੁੰਦੀ ਸੀ ਅਤੇ ਨਾ ਹੀ ਉਸ ਨੂੰ ਕੁੱਝ ਚੰਗਾ ਲੱਗਦਾ ਸੀ।

ਇੱਕ ਵਾਰ ਸਕੂਲ ਵਿੱਚ ਅਹਾਰ ਅਤੇ ਪੋਸ਼ਣ ਦੇ ਮਾਹਿਰ ਇਕ ਡਾਕਟਰ ਨੇ 'ਫਾਸਟ ਫੂਡਜ' ਨਾਲ ਹੋਣ ਵਾਲੇ ਨੁਕਸਾਨਾਂ ਦੇ ਬਾਰੇ ਵਿੱਚ ਭਾਸ਼ਣ ਦਿੱਤਾ ਸੀ। ਉਹਨਾਂ ਨੇ ਦੱਸਿਆ ਸੀ ਕਿ 'ਫਾਸਟ ਫੂਡਜ' ਦੇ ਲਗਾਤਾਰ ਸੇਵਨ ਨਾਲ ਸਰੀਰ ਨੂੰ ਲੋੜੀਦੇ ਪੋਸ਼ਟਿਕ ਤੱਤ ਨਹੀਂ ਮਿਲਦੇ ਕਿਉਂਕਿ ਇਹਨਾਂ ਨੂੰ





ਬਣਾਉਂਦੇ ਸਮੇਂ ਤੇਲ ਵਿੱਚ ਡੂੰਘੇ ਤਲਿਆ ਜਾਂਦਾ ਹੈ ਜਿਸ ਨਾਲ ਪੋਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ। ਸਰੀਰ ਨੂੰ ਮਾਤਰ ਫੈਟ ਅਰਥਾਤ ਵਸਾ ਹੀ ਪ੍ਰਾਪਤ ਹੁੰਦਾ ਹੈ ਜਿਸ ਨਾਲ ਭਾਰ ਵੱਧਦਾ ਹੈ ਅਤੇ ਕਮਜ਼ੋਰੀ ਲੱਗਣ ਲੱਗਦੀ ਹੈ। ਸੁਭਾਅ ਚਿੜਚਿੜਾ ਹੋ ਜਾਂਦਾ ਹੈ। ਭੁੱਖ ਵੀ ਘੱਟ ਹੋ ਜਾਂਦੀ ਹੈ।

ਇਹ 'ਫਾਸਟ ਫੂਡਜ' ਮੈਦੇ ਤੋਂ ਤਿਆਰ ਕੀਤੇ ਜਾਂਦੇ ਹਨ ਜਿਸ ਨਾਲ ਬਦਹੱਜ਼ਮੀ, ਪੇਟ ਗੈਸ ਵਰਗੀਆਂ ਸਮੱਸਿਆਵਾਂ ਹੋ ਜਾਂਦੀਆਂ ਹਨ।

ਵਾਰ-ਵਾਰ ਉਸੇ ਤੇਲ ਵਿੱਚ ਤਲਦੇ ਰਹਿਣ ਨਾਲ ਇਸ ਵਿੱਚ ਜ਼ਹਿਰੀਲਾਪਨ ਆ ਜਾਂਦਾ ਹੈ। ਬੱਚੇ ਇਹਨਾਂ ਦੇ ਨਾਲ 'ਕੋਲਡ ਡਰਿੰਕਸ' ਵੀ ਪੀਂਦੇ ਹਨ ਜਿਸ ਨਾਲ ਉਹਨਾਂ ਦਾ ਭਾਰ ਹੋਰ ਵਧਦਾ ਜਾਂਦਾ ਹੈ।

ਅਰਾਧਯ ਮਨ ਹੀ ਮਨ ਸੋਚਣ ਲੱਗਾ ਸੀ ਕਿ ਅਜਿਹਾ ਤਾਂ ਉਸ ਦੇ ਨਾਲ ਵੀ ਹੋ ਰਿਹਾ ਹੈ। ਉਸ ਨੂੰ ਭੁੱਖ ਵੀ ਘੱਟ ਲੱਗਦੀ ਹੈ ਅਤੇ ਸੁਭਾਅ ਵੀ ਚਿੜਚਿੜਾ ਹੋ ਗਿਆ ਹੈ। ਉਸ ਦਾ ਭਾਰ ਵੀ ਬਹੁਤ ਵੱਧ ਗਿਆ ਹੈ।

ਉਸ ਮਾਹਿਰ ਨੇ ਇਹ ਵੀ ਦੱਸਿਆ ਸੀ ਕਿ ਫਾਸਟ ਫੂਡਜ ਦਾ ਸੇਵਨ ਆਪ ਨੂੰ ਰੋਗੀ ਜ਼ਰੂਰ ਬਣਾ ਦਏਗਾ ਅਤੇ ਹਸਪਤਾਲ ਵਿੱਚ ਭਰਤੀ ਹੋਣ ਦੀ ਨੌਬਤ ਆ ਸਕਦੀ ਹੈ।

ਲੇਕਿਨ ਉਸ ਦੇ ਮਨ ਵਿੱਚ ਇਹ ਵਿਚਾਰ ਵੀ ਦੌੜਨ ਲੱਗਾ ਸੀ ਕਿ ਵਿਦਵਾਨ ਲੋਕਾਂ ਨੂੰ ਤਾਂ ਕੁੱਝ ਨਾ ਕੁੱਝ ਕਹਿਣ ਦੀ ਅਕਸਰ ਆਦਤ ਹੁੰਦੀ ਹੈ। ਜੇਕਰ ਅਸਲ ਵਿੱਚ ਹੀ 'ਫਾਸਟ ਫੂਡਜ' ਨਾਲ ਨੁਕਸਾਨ ਹੁੰਦਾ ਤਾਂ ਲੋਕ ਇਹਨਾਂ ਨੂੰ ਕਿਉਂ ਖਾਂਦੇ ਅਤੇ ਦੂਰਦਰਸ਼ਨ ਤੇ ਇਹਨਾਂ ਦੀ ਉਪਯੋਗਤਾ ਦੇ ਬਾਰੇ ਵਿੱਚ ਐਨੇ ਵਿਗਿਆਪਨ ਕਿਉਂ ਦਿਖਾਏ ਜਾਂਦੇ? ਇਸ ਲਈ ਉਸ ਨੇ ਉਸ ਮਾਹਿਰ ਦੀਆਂ ਗੱਲਾਂ ਵੱਲ ਵਿਸ਼ੇਸ਼ ਧਿਆਨ ਨਹੀਂ ਦਿੱਤਾ।

ਅੱਜ ਕਿਸੇ ਕੰਮ ਲਈ ਅਰਾਧਯ ਬਾਜਾਰ ਗਿਆ ਸੀ। ਵਾਪਸੀ ਵਿੱਚ ਕਾਲਜ ਦੇ ਕੋਲ 'ਫਾਸਟ ਫੂਡਜ' ਵੇਚਣ ਵਾਲੀ ਰੇੜੀਆਂ ਵੇਖ ਕੇ ਉਹ ਖੁਦ ਤੇ ਕਾਬੂ ਨਹੀਂ ਰੱਖ ਸਕਿਆ। ਉਸ ਨੇ ਡਟ ਤੇ ਖੂਬ ਮਨਪਸੰਦ 'ਫਾਸਟ ਫੂਡਜ' ਖਾਧੇ। ਇਹਨਾਂ ਦੇ ਨਾਲ ਹੀ ਪਰੋਸੀ ਗਈ ਚੱਟਨੀ ਤਾਂ ਉਸ ਨੂੰ ਬਹੁਤ ਸਵਾਦੀ ਲੱਗੀ ਅਤੇ ਉਸ ਨੂੰ ਖਾਣ ਵਿੱਚ ਵੀ ਅਰਾਧਯ ਨੇ ਕੋਈ ਕਸਰ ਨਹੀਂ ਛੱਡੀ। ਫਿਰ ਉਹ ਘਰ ਵਾਪਿਸ ਆਇਆ ਸੀ।

ਪਰ ਰਾਤ ਨੂੰ ਅਚਾਨਕ ਹੀ ਉਸ ਦੇ ਢਿੱਡ ਵਿੱਚ ਜੋਰ ਨਾਲ ਦਰਦ ਹੋਣ ਲੱਗਾ ਸੀ। ਪੇਟ ਵੀ ਗੁਬਾਰੇ ਵਾਂਗ ਫੁੱਲ ਗਿਆ ਸੀ। ਪਹਿਲਾਂ ਤਾਂ ਉਹ ਸਹਿਣ ਕਰਦਾ ਰਿਹਾ ਪਰ ਕੁੱਝ ਦੇਰ ਬਾਦ ਹੀ ਉਹ ਦਰਦ ਨਾਲ ਤੜਫਣ ਲੱਗਾ ਸੀ। ਇਸ ਤੋਂ ਪਹਿਲਾਂ ਕਿ ਮੰਮੀ-ਪਾਪਾ ਉਸ ਦੇ ਕਮਰੇ ਤਕ ਪਹੁੰਚਦੇ ਉਸ ਨੂੰ ਲਗਾਤਾਰ ਉਲਟੀ ਹੋਣ ਲੱਗੀ ਸੀ। ਅਜੇ ਉਹ ਉਲਟੀ ਤੋਂ ਸੰਭਲ ਵੀ ਨਹੀਂ ਸਕਿਆ ਸੀ ਕਿ ਪੇਟ ਵਿੱਚ ਜ਼ੋਰ ਨਾਲ ਮਰੋੜ ਉਠਿਆ ਅਤੇ ਉਹ ਉਸੇ ਤਰ੍ਹਾਂ ਉਲਟੀ ਕਰਦਾ ਹੋਇਆ ਟਾਇਲਟ ਵੱਲ ਭੱਜਿਆ। ਉਸ ਨੂੰ ਲਗਾਤਾਰ ਦਸਤ ਆਉਣ ਲੱਗੇ ਸਨ। ਉਲਟੀਆਂ ਵੀ ਪਿੱਛਾ ਨਹੀਂ ਛੱਡ ਰਹੀਆਂ ਸਨ। ਉਹ ਜਿਵੇਂ ਤਿਵੇਂ ਬਾਥਰੂਮ ਤੋਂ ਬਾਹਰ ਆਇਆ ਅਤੇ ਨਿਢਾਲ ਹੋ ਕੇ ਫਰਸ਼ ਤੇ ਹੀ ਡਿੱਗ ਪਿਆ।

ਉਸ ਦੇ ਡਿੱਗਣ ਦੀ ਆਵਾਜ਼ ਸੁਣ ਕੇ ਮੰਮੀ-ਪਾਪਾ ਦੌੜਦੇ ਹੋਏ ਉਸ ਦੇ ਕੋਲ ਆ ਗਏ।

'ਕੀ ਹੋਇਆ ਤੈਨੂੰ ... ਇੰਝ ਫਰਸ਼ ਤੇ ਹੀ ਕਿਉਂ ਲੇਟ ਗਿਆ ਹੈ?'

ਪਰ ਅਰਾਧਯ ਤਾਂ ਇਸ ਤਰ੍ਹਾਂ ਨਿਢਾਲ ਹੋ ਚੁੱਕਾ ਸੀ ਕਿ ਉਸ ਦੇ ਮੂੰਹ ਤੋਂ ਬੋਲ ਵੀ ਨਹੀਂ ਨਿਕਲ ਰਹੇ ਸਨ।

ਪਾਪਾ ਤੁਰੰਤ ਉਸ ਨੂੰ ਹਸਪਤਾਲ ਲੈ ਗਏ।

ਉਸ ਦੀ ਨਾਜ਼ੁਕ ਹਾਲਤ ਵੇਖ ਕੇ ਡਾਕਟਰ ਨੇ ਉਸ ਨੂੰ ਭਰਤੀ ਕਰਕੇ ਝਟਪਟ ਉਲਟੀ ਰੋਕਣ ਦਾ ਇੰਜੇਕਸ਼ਨ ਲਗਾ ਕੇ ਗਲੂਕੋਜ਼ ਚੜ੍ਹਾ ਦਿੱਤਾ ਸੀ।

ਹਾਲਤ ਥੋੜ੍ਹੀ ਜਿਹੀ ਸੰਭਲਣ ਤੇ ਡਾਕਟਰ ਨੇ ਉਸ ਤੋਂ ਪੁੱਛਿਆ- ''ਬੇਟੇ ਕੀ ਖਾਧਾ ਸੀ?''

'ਜੀ 'ਫਾਸਟ ਫੂਡਜ'। ਅਰਾਧਯ ਬੜੀ ਮੁਸ਼ਕਿਲ ਨਾਲ ਬੋਲ ਸਕਿਆ ਸੀ।

'ਨਾਲ ਚਟਨੀ ਵੀ ਖਾਧੀ ਹੋਵੇਗੀ?'' ਡਾਕਟਰ ਨੇ ਫਿਰ ਪੁੱਛਿਆ।

ਅਰਾਧਯ ਨੇ ਹਾਂ ਵਿੱਚ ਸਿਰ ਹਿਲਾ ਦਿੱਤਾ।

'ਪਤਾ ਨਹੀਂ ਤੁਹਾਨੂੰ ਬੱਚਿਆਂ ਨੂੰ ਕਦੋਂ ਸਮਝ ਆਏਗੀ? ਫਾਸਟ ਫੂਡ ਤਾਂ ਉਂਝ ਹੀ ਸਿਹਤ ਦੇ ਦੁਸ਼ਮਣ ਹਨ ਅਤੇ ਇਹ ਚਟਨੀ ਤਾਂ ਸੰਕ੍ਰਾਮਕ ਰੋਗਾਂ ਦਾ ਭੰਡਾਰ ਹੈ ਅਤੇ ਫਿਰ ਅਕਸਰ ਜਿਥੇ ਇਹ ਰੇੜ੍ਹੀਆਂ ਖੜ੍ਹੀਆਂ ਹੁੰਦੀਆਂ ਹਨ ਕਦੇ ਉਸ ਪਾਸੇ





ਤੁਹਾਡਾ ਧਿਆਨ ਗਿਆ ਹੈ? ਉਥੇ ਕਿੰਨੀ ਗੰਦਗੀ ਹੁੰਦੀ ਹੈ? ਅਜਿਹੇ ਵਿੱਚ ਬੀਮਾਰ ਨਹੀਂ ਹੋਵੋਗੇ ਤਾਂ ਕੀ ਹੋਵੇਗਾ?''

ਅਰਾਧਯ ਕੀ ਕਹਿੰਦਾ? ਡਾਕਟਰ ਸੱਚ ਹੀ ਕਹਿ ਰਹੇ ਸਨ।

ਹਸਪਤਾਲ ਵਿੱਚ ਭਰਤੀ ਹੋਣ ਦੇ ਬਾਦ ਸਿਹਤਮੰਦ ਹੋਣ ਵਿੱਚ ਅਰਾਧਯ ਨੂੰ ਤਿੰਨ ਦਿਨ ਲੱਗ ਗਏ ਸਨ। ਹਸਪਤਾਲ ਤੋਂ ਛੁੱਟੀ ਹੋਣ ਤੋਂ ਪਹਿਲਾਂ ਡਾਕਟਰ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਸੀ - 'ਇਸ ਵਾਰ ਤਾਂ ਜਿਵੇਂ-ਤਿਵੇਂ ਇਲਾਜ਼ ਨਾਲ ਠੀਕ ਹੋ ਗਏ ਪਰ ਹੁਣ ਨਾ ਸੰਭਲੇ ਤਾਂ ਕਦੇ-ਕਦਾਈ ਹਾਲਾਤ ਬਦ ਤੋਂ ਬਦਤਰ ਵੀ ਹੋ ਸਕਦੇ ਹਨ ਅਤੇ ਜਾਨ ਦੇ ਲਾਲੇ ਪੈ ਸਕਦੇ ਹਨ।'

ਪਲਭਰ ਰੁਕ ਕੇ ਡਾਕਟਰ ਨੇ ਕਿਹਾ - ''ਕੁੱਝ ਖਾਣਾ ਹੈ ਤਾਂ ਘਰ ਵਿੱਚ ਤਿਆਰ ਕੀਤੇ ਗਏ ਪਦਾਰਥ ਹੀ ਖਾਉ। ਫਲ, ਸਬਜ਼ੀਆਂ ਦਾ ਸੇਵਨ ਕਰੋ ਤਾਂਕਿ ਤੁਹਾਡੇ ਸਰੀਰ ਨੂੰ ਲੋੜੀਦੇ ਵਿਟਾਮਿਨ ਅਤੇ ਖਣਿਜ ਪਦਾਰਥ ਮਿਲ ਸਕਣ।' ਪੂਰਾ ਇੱਕ ਹਫ਼ਤਾ ਅਰਾਧਯ ਸਕੂਲ ਨਹੀਂ ਜਾ ਸਕਿਆ ਸੀ। ਹੁਣ ਉਸ ਨੇ ਮਨ ਹੀ ਮਨ ਦ੍ਰਿੜ ਨਿਸ਼ਚਾ ਕਰ ਲਿਆ ਸੀ ਕਿ ਅੱਜ ਦੇ ਬਾਦ ਉਹ ਆਪਣੀ ਜੀਭ ਤੇ ਕਾਬੂ ਰੱਖੇਗਾ ਅਤੇ 'ਫਾਸਟ ਫੂਡਜ਼' ਦੀ ਬਜਾਏ ਘਰ ਦਾ ਬਣਿਆ ਖਾਣਾ ਹੀ ਖਾਏਗਾ ਅਤੇ ਫਲ-ਸਬਜ਼ੀਆਂ ਦਾ ਭਰਪੂਰ ਸੇਵਨ ਕਰੇਗਾ।

*ਕਹਾਣੀ :- ਡਾ. ਫਕੀਰਚੰਦ*

# ਛੋਟੀ ਜਿਹੀ ਹਰੜ ਵੱਡੇ ਵੱਡੇ ਗੁਣ

ਇੱਕ ਕਹਾਵਤ ਹੈ - 'ਬਣੀਆਂ ਬਹੁਤ ਖੁਸ਼ ਹੋਇਆ ਤਾਂ ਆਪਣੇ ਗਾਹਕ ਨੂੰ ਇੱਕ ਹਰੜ ਦਿੱਤਾ।' ਕੀਮਤ ਦੀ ਦ੍ਰਿਸ਼ਟੀ ਨਾਲ ਬਣੀਏ ਰਾਹੀਂ ਦਿੱਤਾ ਗਿਆ ਇਹ ਤੋਹਫਾ ਭਲੇ ਹੀ ਆਮ ਅਤੇ ਸਸਤਾ ਹੋਵੇ ਪ੍ਰੰਤੂ ਉਪਯੋਗਿਤਾ ਦੀ ਦ੍ਰਿਸ਼ਟੀ ਨਾਲ ਇਹ ਅਸਧਾਰਣ ਹੈ। ਆਯੁਵੈਦਆਚਾਰੀਆਂ ਨੇ ਇਸ ਨੂੰ ਅੰਮ੍ਰਿਤ ਦਵਾਈ ਕਿਹਾ ਹੈ। ਪੌਰਾਣਿਕ ਗ੍ਰੰਥ ਵਿੱਚ ਤਾਂ ਇਸ ਨੂੰ ਮਾਤਾ-ਪਿਤਾ ਦੇ ਸਮਾਨ ਹਿਤਕਾਰੀ ਦੱਸਿਆ ਗਿਆ ਹੈ।

ਆਯੁਰਵੈਦਿਕ ਇਲਾਜ ਵਿੱਚ ਇਸਤੇਮਾਲ ਹੋਣ ਵਾਲੀਆਂ ਦਵਾਈਆਂ ਵਿੱਚ ਜ਼ਿਆਦਾਤਾਰ ਬਹੁਤ ਹੀ ਸਾਧਾਰਣ ਘਰੇਲੂ ਵਸਤੂਆਂ ਹਨ, ਜੋ ਕਈ ਰੋਗਾਂ ਵਿੱਚ ਕਾਰਗਰ ਹੋਣ ਦੇ ਨਾਲ ਬਿਲਕੁਲ ਹਾਨੀਰਹਿਤ ਹੁੰਦੀਆਂ ਹਨ। 'ਹਰੜ' ਵੀ ਇੱਕ ਅਜਿਹੀ ਹੀ ਘਰੇਲੂ ਦਵਾਈ ਹੈ, ਜਿਸ ਨੂੰ ਆਯੁਰਵੇਦ ਵਿੱਚ ਇੱਕ ਗੁਣਕਾਰੀ ਅਤੇ ਦੈਵੀ ਰਸਾਇਣ ਦਵਾਈ ਮੰਨਿਆ ਗਿਆ ਹੈ।

ਹਰੜ ਨੂੰ 'ਹਰੀਤਕੀ' ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸ ਦੇ ਕਈ ਨਾਮ 'ਸ਼ਿਵਾ', 'ਪਥਯਾ', 'ਅਭਿਯਾ', 'ਚੇਤਕੀ', 'ਵਿਜਯਾ', 'ਰੋਹਿਣੀ', 'ਪੂਤਨਾਵ', 'ਅੰਮ੍ਰਿਤਜੀਵਨੀ' ਆਦਿ ਹਨ। ਅੰਗ੍ਰੇਜ਼ੀ ਵਿੱਚ ਇਸ ਨੂੰ 'ਚੇਵਿਊਲਿਕ ਮਾਯਰੋਬੇਲਨ' ਕਿਹਾ ਜਾਂਦਾ ਹੈ। ਆਯੁਰਵੇਦ ਵਿੱਚ ਹਰੜ ਦੇ ਸੱਤ ਪ੍ਰਕਾਰ ਦੱਸੇ ਗਏ ਹਨ। ਹਰੜ ਮੀਡੀਅਮ ਅਕਾਰ ਦੇ ਰੁੱਖ ਤੇ ਉਗਦੀ ਹੈ। ਹਿਮਾਲਯ ਦੇ ਤਰਾਈ ਖੇਤਰਾਂ ਵਿੱਚ ਪੈਦਾ ਹੋਣ ਵਾਲੀ ਚੇਤਕੀ ਹਰੜ ਸਭ ਤੋਂ ਸ੍ਰੇਸ਼ਠ ਮੰਨੀ ਜਾਂਦੀ ਹੈ। ਇਸ ਹਰੜ ਦਾ ਆਕਾਰ ਕਾਫੀ ਵੱਡਾ ਹੁੰਦਾ ਹੈ ਅਤੇ ਇਸ ਦਾ ਰੰਗ ਸਫੈਦ ਹੁੰਦਾ ਹੈ। ਅਭਿਆ ਹਰੜ, ਨੇਤਰ ਵਿਕਾਰਾਂ ਦੇ ਇਲਾਜ ਵਿੱਚ ਲਾਭਕਾਰੀ ਮੰਨੀ ਜਾਂਦੀ ਹੈ।

ਹਰੜ ਦੇ ਇਸਤੇਮਾਲ ਦੇ ਸੰਬੰਧ ਵਿੱਚ ਆਯੁਰਵੇਦ ਮੈਡੀਕਲ ਦੇ ਵਿਭਿੰਨ ਖੇਤਰਾਂ ਵਿੱਚ ਸਪੱਸ਼ਟ ਵਰਨਣ ਮਿਲਦਾ ਹੈ। ਇਸ ਦੀ ਉਪਯੋਗਿਤਾ ਨੂੰ ਵੇਖਦੇ ਹੋਏ ਇਹ ਕਹਾਵਤ ਪ੍ਰਸਿੱਧ ਹੈ ਕਿ ਜਿਸ ਘਰ ਵਿੱਚ ਮਾਂ ਨਹੀਂ ਹੁੰਦੀ, ਉਸ ਘਰ ਵਿੱਚ ਹਰੜ ਮਾਂ ਦੀ ਤਰ੍ਹਾਂ ਬੱਚਿਆਂ ਦੀ ਦੇਖਭਾਲ ਦੀ ਭੂਮਿਕਾ ਨਿਭਾਉਂਦੀ ਹੈ। ਹਰੜ ਪੀਹ ਕੇ ਚੂਰਣ ਦੇ ਰੂਪ ਵਿੱਚ ਇਸਤੇਮਾਲ ਕਰਨ ਨਾਲ ਕਬਜ਼ ਦੂਰ ਹੁੰਦੀ ਹੈ। ਚਬਾ ਕੇ ਖਾਧੀ ਗਈ ਹਰੜ ਸਰੀਰ ਦੇ ਤਾਪ ਨੂੰ ਸੰਤੁਲਿਤ ਕਰਦੀ ਹੈ। ਉਬਾਲ ਕੇ ਖਾਣ ਨਾਲ ਦਸਤ ਬੰਦ ਹੁੰਦੇ ਹਨ ਅਤੇ ਭੁੰਨ ਕੇ ਇਸਤੇਮਾਲ ਕਰਨ ਨਾਲ ਇਹ ਤਿੰਨਾਂ ਦੋਸ਼ਾਂ ਦਾ ਨਿਵਾਰਣ ਕਰਦੀ ਹੈ।

ਹਰੜ ਇੱਕ ਗਰਮ ਤਸੀਰ ਵਾਲੀ ਵਸਤੂ ਹੈ। ਇਸ ਵਿੱਚ ਪੰਝੀ ਪ੍ਰਤੀਸ਼ਤ ਗੈਲੀ ਟੈਨੀਕ ਅਮਲ ਪਾਇਆ ਜਾਂਦਾ ਹੈ। ਇਹ ਬਲ ਅਤੇ ਬੁੱਧੀਵਰਧਕ ਹੋਣ ਦੇ ਨਾਲ-ਨਾਲ ਨੇਤਰ-ਜਿਉਤੀ ਵਧਾਉਂਦੀ ਹੈ। ਪੇਟ ਦੇ ਰੋਗਾਂ ਅਤੇ ਪਾਚਨ-ਤੰਤਰ ਨੂੰ ਕਿਰਿਆਸ਼ੀਲ ਬਣਾਉਣ ਵਿੱਚ ਹਰੜ ਇਕ ਰਾਮਬਾਣ ਦਵਾ ਹੈ। ਹਰੜ ਵਿੱਚ ਬੇਲੋੜੇ ਪਦਾਰਥਾਂ ਨੂੰ ਸਰੀਰ ਤੋਂ ਬਾਹਰ ਕੱਢਣ ਦੀ ਅਨੋਖੀ ਸ਼ਕਤੀ ਸ਼ਾਮਿਲ ਹੁੰਦੀ ਹੈ। ਇਸ ਕਾਰਣ ਇਹ ਕਬਜ਼ ਅਤੇ ਹੋਰ ਪੇਟ ਸੰਬੰਧੀ ਰੋਗਾਂ ਨੂੰ ਦੂਰ ਕਰਕੇ ਪਾਚਣ-ਪ੍ਰਣਾਲੀ ਨੂੰ ਮਜ਼ਬੂਤ ਕਰਦੀ ਹੈ।

ਪੁਰਾਣੀ ਕਬਜ਼ ਦੇ ਰੋਗੀਆਂ ਨੂੰ ਨਿਤ ਪ੍ਰਤੀ ਭੋਜਨ ਦੇ ਅੱਧੇ ਘੰਟੇ ਬਾਦ ਡੇਢ ਤੋਂ ਦੋ ਗ੍ਰਾਮ ਤਕ ਹਰੜ ਦਾ ਚੂਰਣ ਗੁਨਗੁਨੇ ਪਾਣੀ ਦੇ ਨਾਲ ਲੈਣਾ ਚਾਹੀਦਾ ਹੈ। ਇਸ ਦੇ ਨਿਯਮਿਤ ਸੇਵਨ ਨਾਲ ਪੁਰਾਣੀ ਤੋਂ ਪੁਰਾਣੀ ਕਬਜ਼ ਦੂਰ ਹੋ ਜਾਂਦੀ ਹੈ।

ਵੀਹ ਤੋਂ ਬਾਈ ਗ੍ਰਾਮ ਹਰੜ ਚੂਰਣ, ਦਸ ਗ੍ਰਾਮ ਤੁਲਸੀ ਦੇ ਪੱਤੇ, ਦਸ ਗ੍ਰਾਮ ਸੇਂਧਾ ਨਮਕ ਅਤੇ 25 ਗ੍ਰਾਮ ਜਵੈਣ ਨੂੰ ਮਿਲਾ ਕੇ ਪੀਸ ਕੇ ਚੂਰਣ ਬਣਾ ਲਉ। ਇਸ ਚੂਰਣ ਦੇ ਸੇਵਨ ਨਾਲ ਬਦਹਜ਼ਮੀ, ਪੇਟ-ਦਰਦ, ਗੈਸ ਆਦਿ ਰੋਗਾਂ ਵਿੱਚ ਬਹੁਤ ਲਾਭ ਹੁੰਦਾ ਹੈ।

ਖ਼ੂਨ-ਵਿਕਾਰ ਨਾਲ ਸਰੀਰ ਤੇ ਫੋੜੇ-ਫਿੰਨਸੀਆਂ ਹੋ ਜਾਂਦੇ ਹਨ ਅਤੇ ਚਰਮ ਰੋਗ ਹੋਣ ਦਾ ਸ਼ੱਕ ਰਹਿੰਦਾ ਹੈ। ਖ਼ੂਨ ਸ਼ੁਧੀ ਲਈ ਹਰੜ ਬਹੇੜਾ ਅਤੇ ਆਂਵਲੇ ਨੂੰ ਬਰਾਬਰ ਮਾਤਰਾ ਵਿੱਚ ਮਿਲਾ ਕੇ ਤ੍ਰਿਫਲਾ ਚੂਰਣ ਤਿਆਰ ਕਰ ਲਉ ਅਤੇ ਹਰ ਰੋਜ਼ ਰਾਤ ਨੂੰ ਸੌਂਦੇ ਸਮੇਂ 15-20 ਗ੍ਰਾਮ ਚੂਰਣ ਦੁੱਧ ਜਾਂ ਗੁਨਗੁਣੇ ਪਾਣੀ ਦੇ ਨਾਲ ਲਉ। ਇਸ ਨਾਲ ਖ਼ੂਨ ਵਿਕਾਰ ਤਾਂ ਦੂਰ ਹੁੰਦੇ ਹੀ ਹਨ, ਨਾਲ ਹੀ ਕਬਜ਼ ਵਿੱਚ ਵੀ ਰਾਹਤ ਮਿਲਦੀ ਹੈ ਅਤੇ ਨੇਤਰ ਜੋਤੀ ਵੀ ਵਧਦੀ ਹੈ।

ਮੂੰਹ ਵਿੱਚ ਛਾਲੇ ਹੋ ਜਾਣ ਦੀ ਦਸ਼ਾ ਵਿੱਚ ਹਰੜ ਦੇ ਚੂਰਣ ਦਾ ਸੇਵਨ ਰਾਤ ਦੇ ਸਮੇਂ ਗਰਮ ਦੁੱਧ ਦੇ ਨਾਲ ਕਰੋ। ਇਸ ਦੇ ਚੂਰਣ ਨੂੰ ਸ਼ਹਿਦ ਵਿੱਚ ਮਿਲਾ ਕੇ ਛਾਲਿਆਂ ਤੇ ਲਗਾਉਣ ਨਾਲ ਛੇਤੀ ਰਾਹਤ ਮਿਲਦੀ ਹੈ। ਹਰੜ ਅਤੇ ਕੱਥੇ ਦੇ ਚੂਰਣ ਨਾਲ ਬਣੇ ਮੰਜਨ ਨਾਲ ਦੰਦ ਇੱਕਦਮ ਸਾਫ਼ ਹੋ ਜਾਂਦੇ ਹਨ ਅਤੇ ਮਸੂੜੇ ਸਿਹਤਮੰਦ ਅਤੇ ਮਜ਼ਬੂਤ ਹੁੰਦੇ ਹਨ।

ਹਰੜ ਨੂੰ ਰਾਤ ਭਰ ਸਾਫ਼ ਪਾਣੀ ਵਿੱਚ ਭਿਉਂ ਕੇ ਰੱਖੋ ਅਤੇ ਸਵੇਰੇ ਉਸ ਪਾਣੀ ਨਾਲ ਅੱਖਾਂ ਧੋਵੋ। ਇਸ ਨਾਲ ਅੱਖਾਂ ਨੂੰ ਠੰਡਕ ਮਿਲਦੀ ਹੈ।

ਪੇਟ ਦਰਦ ਹੋਣ ਤੇ ਹਰੜ ਨੂੰ ਘਿਸ ਕੇ ਗੁਨਗੁਨੇ ਪਾਣੀ ਦੇ ਨਾਲ ਸੇਵਨ ਕਰੋ, ਤੁਰੰਤ ਲਾਭ ਮਿਲੇਗਾ। ਹਰੜ ਪੇਟ ਦਰਦ ਦੇ ਕਾਰਣਾਂ ਨੂੰ ਨਸ਼ਟ ਕਰਕੇ ਸਥਾਈ ਰੂਪ ਨਾਲ ਆਰਾਮ ਦਿਵਾਉਂਦੀ ਹੈ। ਬਵਾਸੀਰ ਦੇ ਮੱਸਿਆਂ ਤੇ ਹਰੜ ਨੂੰ ਘਿਸ ਕੇ ਮੋਟਾ-ਮੋਟਾ ਲੇਪ ਕਰਨ ਨਾਲ ਰਾਹਤ ਮਿਲਦੀ ਹੈ।

ਬਹੁਤ ਘੱਟ ਲੋਕ ਜਾਣਦੇ ਹਨ ਕਿ ਹਰੜ ਇੱਕ ਬਹੁਤ ਵਧੀਆ ਕੁਦਰਤੀ ਐਂਟੀਸੇਪਟਿਕ ਵੀ ਹੈ। ਜਖਮ ਨੂੰ ਹਰੜ ਦੇ ਕਾਵੇ ਨਾਲ ਧੋਣ ਨਾਲ



ਜਖਮ ਭਰ ਜਾਂਦਾ ਹੈ। ਹਰੜ ਪੁਰਾਣੇ ਜਖਮਾਂ ਨੂੰ ਛੇਤੀ ਠੀਕ ਕਰਦਾ ਹੈ।

ਖਾਜ-ਖੁਜਲੀ, ਦਾਦ ਆਦਿ ਚਰਮ ਰੋਗਾਂ ਵਿੱਚ ਹਰੜ ਦਾ ਲੇਪ ਕਰਨ ਨਾਲ ਛੇਤੀ ਹੀ ਲਾਭ ਮਿਲਦਾ ਹੈ। ਉਲਟੀ ਅਤੇ ਜੀਅ ਮਚਲਾਉਣ ਤੇ ਹਰੜ ਦੇ ਚੂਰਣ ਨੂੰ ਸ਼ਹਿਦ ਵਿੱਚ ਮਿਲਾ ਕੇ ਦੁੱਧ ਦੇ ਨਾਲ ਇਸਤੇਮਾਲ ਕੀਤਾ ਜਾ ਸਕਦਾ ਹੈ। ਛੋਟੀ ਹਰੜ ਦੇ ਚੂਰਣ ਨੂੰ ਗਰਮ ਪਾਣੀ ਦੇ ਨਾਲ ਲੈਣ ਨਾਲ ਹਿਚਕੀਆਂ ਆਉਣਾ ਰੁਕ ਜਾਂਦਾ ਹੈ।

ਹਰੜ ਨੂੰ ਵਰਖਾ-ਰੁੱਤ ਵਿੱਚ ਸੇਂਧਾ ਨਮਕ ਦੇ ਨਾਲ, ਸਰਦੀਆਂ ਦੀ ਰੁੱਤ ਵਿੱਚ ਸ਼ਰਕਰਾ ਦੇ ਨਾਲ, ਬਸੰਤ ਵਿੱਚ ਸ਼ਹਿਦ ਦੇ ਨਾਲ ਅਤੇ ਗਰਮੀਆਂ ਵਿੱਚ ਗੁੜ ਦੇ ਨਾਲ ਸੇਵਨ ਕਰਨਾ ਬਹੁਤ ਲਾਭਕਾਰੀ ਰਹਿੰਦਾ ਹੈ।

ਹਰੜ ਦਾ ਸੇਵਨ ਗਰਮੀ ਅਤੇ ਪਿਆਸ ਨਾਲ ਪੀੜਤ ਹੋਣ ਤੇ, ਥਕਾਨ ਦੇ ਸਮੇਂ, ਗਰਭਵਤੀ ਇਸਤਰੀਆਂ ਦੇ ਲਈ ਵਰਜਿਤ ਹੈ।

ਹਰੜ ਦੇ ਸਮੁੱਚੇ ਸੇਵਨ ਨਾਲ ਅਸੀਂ ਕਈ ਛੋਟੀ-ਮੋਟੀ ਬੀਮਾਰੀਆਂ ਤੋਂ ਸਹਿਜਤਾ ਨਾਲ ਮੁਕਤੀ ਪਾ ਸਕਦੇ ਹਾਂ। ਅਸਲ ਵਿੱਚ ਇਹ ਛੋਟੀ ਜਿਹੀ ਹਰੜ ਬੜੇ-ਬੜੇ ਗੁਣਾਂ ਨਾਲ ਭਰਪੂਰ ਹੈ। ਹਰੜ ਦੇ ਸੇਵਨ ਨੂੰ ਆਦਤ ਬਣਾਉ।

ਹਰੜ ਸਾਹ ਰੋਗ, ਬੁਖਾਰ, ਡਿਪਰੈਸਵ ਮੂਡ, ਵਰਤ ਵਿੱਚ ਇਸਤੇਮਾਲ ਨਹੀਂ ਕਰਨਾ ਚਾਹੀਦਾ।

ਵਿਸ਼ੇਸ਼ ਲੇਖ: ਰਾਜ ਕੁਮਾਰ ਜੈਨ

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** ਹੀਰਾ ਕਿਉਂ ਚਮਕਦਾ ਹੈ?

**ਉੱਤਰ :** ਕਾਰਬਨ ਦੇ ਦੋ ਅਪਰਰੂਪ ਹੁੰਦੇ ਹਨ – ਕ੍ਰਿਸਟਲੀਯ ਅਤੇ ਅਕ੍ਰਿਸਟਲੀਯ। ਹੀਰਾ ਕਾਰਬਨ ਦਾ ਕ੍ਰਿਸਟਲੀਯ ਰੂਪ ਹੈ। ਹੀਰੇ ਦਾ ਗੁਣ ਹੈ ਕਿ ਇਹ ਪਾਰਦਰਸ਼ੀ ਹੁੰਦਾ ਹੈ ਅਤੇ ਇਸ ਦਾ ਰਿਫ੍ਰੈਕਟਿਵ ਇੰਡੈਕਸ ਬਹੁਤ ਜ਼ਿਆਦਾ ਹੁੰਦਾ ਹੈ। ਜਦ ਪ੍ਰਕਾਸ਼ ਦੀਆਂ ਕਿਰਣਾਂ ਹੀਰੇ ਤੇ ਪੈਂਦੀਆਂ ਹਨ ਤਾਂ ਅੰਦਰ ਹੀ ਅੰਦਰ ਪਰਾਵਰਤਿਤ ਹੁੰਦੀਆਂ ਹਨ ਅਤੇ ਬਾਹਰ ਨਹੀਂ ਆ ਸਕਦੀਆਂ। ਇਸੇ ਅੰਦਰੂਨੀ ਪ੍ਰੀਵਰਤਨ ਦੇ ਕਾਰਣ ਹੀ ਹੀਰਾ ਚਮਕਦਾ ਹੈ।

**ਪ੍ਰਸ਼ਨ :** ਲੋਹੇ ਦਾ ਬਣਿਆ ਹੋਇਆ ਜਹਾਜ ਪਾਣੀ ਵਿੱਚ ਤੈਰਦਾ ਹੈ ਪ੍ਰੰਤੂ ਲੋਹੇ ਦੀ ਸੂਈ ਪਾਣੀ ਵਿੱਚ ਕਿਉਂ ਡੁੱਬ ਜਾਂਦੀ ਹੈ?

**ਉੱਤਰ :** ਕਿਸੇ ਵੀ ਵਸਤੂ ਦੇ ਪਾਣੀ ਵਿੱਚ ਤੈਰਨ ਲਈ ਇਹ ਜ਼ਰੂਰੀ ਹੈ ਕਿ ਉਸ ਦੇ ਦਵਾਰਾ ਹਟਾਏ ਗਏ ਪਾਣੀ ਦਾ ਭਾਰ ਉਸ ਤੋਂ ਵੱਧ ਹੋਵੇ। ਲੋਹੇ ਦਾ ਬਣਿਆ ਹੋਇਆ ਜ਼ਹਾਜ ਜਦ ਪਾਣੀ ਵਿੱਚ ਚੱਲਦਾ ਹੈ ਤਾਂ ਉਸ ਦੇ ਰਾਹੀਂ ਹਟਾਏ ਗਏ ਪਾਣੀ ਦਾ ਭਾਰ ਉਸ ਦੇ (ਜ਼ਹਾਜ ਦੇ) ਭਾਰ ਤੋਂ ਜ਼ਿਆਦਾ ਹੁੰਦਾ ਹੈ। ਦੂਸਰੇ ਪਾਸੇ ਸੂਈ ਨੂੰ ਪਾਣੀ ਵਿੱਚ ਸੁੱਟਦੇ ਹੀ ਉਹ ਆਪਣੇ ਭਾਰ ਤੋਂ ਘੱਟ ਭਾਰ ਦਾ ਪਾਣੀ ਹੀ ਹਟਾ ਪਾਉਂਦੀ ਹੈ। ਨਤੀਜੇ ਵਜੋਂ ਸੂਈ ਪਾਣੀ ਵਿੱਚ ਡੁੱਬ ਜਾਂਦੀ ਹੈ ਅਤੇ ਲੋਹੇ ਦਾ ਬਣਿਆ ਹੋਇਆ ਜ਼ਹਾਜ ਪਾਣੀ ਵਿੱਚ ਤੈਰਦਾ ਹੈ।

**ਪ੍ਰਸ਼ਨ :** ਪਾਣੀ ਭਰਨ ਨਾਲ ਗੁਬਾਰਾ ਕਿਉਂ ਫੁੱਲ ਜਾਂਦਾ ਹੈ?

**ਉੱਤਰ :** ਕਿਸੇ ਵਸਤੂ ਦੇ ਤਲ ਤੇ ਲੰਬਕਾਰੀ ਲੱਗਣ ਵਾਲੇ ਬਲ ਨੂੰ ਪ੍ਰਣੋਦ ਕਹਿੰਦੇ ਹਨ। ਗੁਬਾਰੇ ਵਿੱਚ ਪਾਣੀ ਭਰਨ ਤੇ ਉਸ ਦੇ ਤਲ ਤੇ ਇਹੀ ਬਲ ਕੰਮ ਕਰਦਾ ਹੈ ਜਿਸ ਦੇ ਕਾਰਣ ਗੁਬਾਰਾ ਫੁੱਲ ਜਾਂਦਾ ਹੈ। ਜਿਵੇਂ-ਜਿਵੇਂ ਤੁਸੀਂ ਗੁਬਾਰੇ ਵਿੱਚ ਜ਼ਿਆਦਾ ਪਾਣੀ ਪਾਉਂਦੇ ਜਾਂਦੇ ਹੋ, ਗੁਬਾਰਾ ਵੀ ਹੋਰ ਜ਼ਿਆਦਾ ਫੁੱਲਦਾ ਰਹਿੰਦਾ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਪ੍ਰਣੋਦ ਵੱਧ ਜਾਂਦਾ ਹੈ। ਪ੍ਰਣੋਦ ਸਦਾ ਦ੍ਰਵ ਦੀ ਉਚਾਈ ਤੇ ਹੀ ਨਿਰਭਰ ਕਰਦਾ ਹੈ।



# ਬਨੇਰੇ ਤੇ ਬੱਚੀ

ਗਰਮੀ ਦਾ ਦਿਨ ਅਤੇ ਦੁਪਹਿਰ ਦਾ ਸਮਾਂ। ਮੁਹੱਲੇ ਦੇ ਲੋਕ ਆਪਣੇ-ਆਪਣੇ ਘਰਾਂ ਵਿੱਚ ਆਰਾਮ ਕਰ ਰਹੇ ਸਨ। ਅਚਾਨਕ ਕਿਸੇ ਦੇ ਘਰ ਰੌਲਾ ਪਿਆ। ਲੋਕ ਦੌੜ ਪਏ।

ਕੁਝ ਹੀ ਦੇਰ ਵਿੱਚ ਰੌਲਾ-ਰੱਪਾ ਹੋਰ ਵੀ ਵੱਧ ਗਿਆ ਜਿਵੇਂ ਕੋਈ ਵੱਡੀ ਦੁਰਘਟਨਾ ਹੋ ਗਈ ਹੈ। ਧੀਰਜ ਆਪਣਾ ਹੋਮਵਰਕ ਪੂਰਾ ਕਰ ਰਿਹਾ ਸੀ। ਇਹਨੀਂ ਦਿਨੀਂ ਸ਼ਾਮ ਦੇ ਸਮੇਂ ਰੋਜ਼ ਬਿਜਲੀ ਗੁਲ ਹੋ ਜਾਇਆ ਕਰਦੀ ਸੀ। ਪਿਛਲੇ ਦੋ ਹਫ਼ਤਿਆਂ ਤੋਂ ਸਕੂਲ ਸਵੇਰੇ ਹੋਣ ਲੱਗਾ ਸੀ। ਦੁਪਹਿਰ ਨੂੰ ਖਾਣੇ ਦੇ ਬਾਅਦ ਆਲਸ ਆ ਘੇਰਦਾ ਸੀ। ਇਸ ਆਲਸ ਨੂੰ ਭਜਾਉਣ ਲਈ ਧੀਰਜ ਇਸੇ ਸਮੇਂ ਆਪਣਾ ਹੋਮਵਰਕ ਕਰਨ ਬੈਠ ਜਾਂਦਾ ਸੀ।

ਰੌਲਾ ਸੁਣ ਕੇ ਧੀਰਜ ਵੀ ਆਪਣੇ ਕਮਰੇ ਤੋਂ ਬਾਹਰ ਨਿਕਲਿਆ। ਗਲੀ ਵਿੱਚ ਲੋਕਾਂ ਦੀ ਭੀੜ ਲੱਗੀ ਸੀ ਅਤੇ ਸਾਰੇ ਹੈਰਾਨੀ ਨਾਲ ਬਬਲੂ ਦੇ ਘਰ ਦੀ ਛੱਤ ਵੱਲ ਗਹੁ ਨਾਲ ਵੇਖ ਰਹੇ ਸਨ। ਬੜਾ ਹੀ ਅਜੀਬ ਦ੍ਰਿਸ਼ ਸੀ। ਇੱਕ ਬਾਂਦਰ ਇੱਕ ਮਾਨਵ-ਬੱਚੇ ਨੂੰ ਆਪਣੀ ਗੋਦ ਵਿੱਚ ਲਏ ਛੱਤ ਦੇ ਬਨੇਰੇ ਤੇ ਬੈਠਾ ਸੀ। ਬਬਲੂ ਦੀ ਇੱਕ ਛੋਟੀ ਜਿਹੀ ਭੈਣ ਹੈ ਜਿਸ ਨੂੰ ਸਾਰੇ ਲੋਕ ਨੰਨੀ ਕਹਿ ਕੇ ਬੁਲਾਉਂਦੇ ਹਨ। ਉਸੇ ਨੂੰ ਤਾਂ ਬਾਂਦਰ ਉਠਾ ਕੇ ਨਹੀਂ ਲੈ ਗਿਆ, ਧੀਰਜ ਨੇ ਸੋਚਿਆ। ਉਸ ਦਾ ਸੋਚਣਾ ਠੀਕ ਨਿਕਲਿਆ। ਬਬਲੂ ਦੀ ਮਾਂ ਚੀਕਾਂ ਮਾਰ ਕੇ ਰੋ ਰਹੀ ਸੀ। ਇੱਕ ਨਵਜੰਮਿਆ ਬੱਚਾ ਬਾਂਦਰ ਦੇ ਹੱਥਾਂ ਵਿੱਚ ਆ ਜਾਏ ਤਾਂ ਕਿਸ ਦਾ ਦਿਲ ਨਹੀਂ ਡਰੇਗਾ। ਸਾਰਿਆਂ ਨੂੰ ਇਹੀ ਸ਼ੱਕ ਲੱਗ ਰਿਹਾ ਸੀ ਕਿ ਪਤਾ ਨਹੀਂ ਕਿਸ ਸਮੇਂ ਬਾਂਦਰ ਬੱਚੇ ਨੂੰ ਹੇਠਾਂ ਸੁੱਟ ਦੇਵੇ। ਪਲਭਰ ਦੀ ਗੱਲ ਹੈ, ਅੱਖ ਝਪਕਦਿਆਂ ਬੱਚੇ ਦੀ ਮੌਤ ਹੋ ਸਕਦੀ ਸੀ।

ਕਿਸੇ ਨੂੰ ਕੁੱਝ ਸੁੱਝ ਨਹੀਂ ਰਿਹਾ ਸੀ ਕਿ ਕੀ ਕੀਤਾ ਜਾਏ। ਲੋਕਾਂ ਦੀ ਜਮਘਟ ਵੱਧ ਰਹੀ ਸੀ ਅਤੇ ਮਿਲਾਜੁਲਾ ਰੌਲਾ ਆਸਮਾਨ ਤਕ ਪਹੁੰਚ ਰਿਹਾ ਸੀ। ਸਾਰੇ ਇਹੀ ਸੋਚ ਰਹੇ ਸਨ ਕਿ ਕਿਸ ਤਰ੍ਹਾਂ ਬੱਚੀ ਨੂੰ ਬਚਾਇਆ ਜਾਏ। ਇੱਕ ਆਦਮੀ ਪੌੜੀਆਂ ਚੜ੍ਹ ਕੇ ਛੱਤ ਤੇ ਗਿਆ ਵੀ। ਉਹ ਬਾਂਦਰ ਨੂੰ ਡਰਾ

ਕੇ ਬੱਚੀ ਖੋਹਣ ਦੀ ਕੋਸ਼ਿਸ਼ ਕਰਨ ਲੱਗਾ। ਹੇਠਾਂ ਤੋਂ ਲੋਕਾਂ ਨੇ ਉਸ ਨੂੰ ਇੰਞ ਕਰਨ ਤੋਂ ਮਨਾ ਕੀਤਾ। ਉਹਨਾਂ ਨੂੰ ਡਰ ਸੀ ਕਿ ਕਿਤੇ ਬਾਂਦਰ ਗੁੱਸੇ ਵਿੱਚ ਬੱਚੀ ਨੂੰ ਹੇਠਾਂ ਨਾ ਸੁੱਟ ਦੇਵੇ।

ਧੀਰਜ ਕਾਫੀ ਦੇਰ ਤੱਕ ਸੋਚਦਾ ਰਿਹਾ, ਬਾਂਦਰ ਕਿਉਂ ਬਬਲੂ ਦੀ ਭੈਣ ਨੂੰ ਚੁੱਕ ਕੇ ਭੱਜਿਆ। ਉਸ ਨੂੰ ਦੋ ਦਿਨ ਪਹਿਲਾਂ ਦੀ ਘਟਨਾ ਯਾਦ ਆਈ। ਬਹੁਤ ਸਾਰੇ ਬਾਂਦਰ ਗਲੀ ਦੇ ਕਈ ਘਰਾਂ ਵਿੱਚ ਇੱਧਰ-ਉਧਰ ਉਛਲ-ਕੂਦ ਰਹੇ ਸਨ। ਇਕ ਬਾਂਦਰੀ ਆਪਣੇ ਬੱਚੇ ਨੂੰ ਆਪਣੇ ਨਾਲ ਚਿਪਕਾਏ ਅਤੇ ਹੱਥ ਵਿੱਚ ਘੀਏ ਦਾ ਇੱਕ ਟੁਕੜਾ ਲੈ ਕੇ ਬਿਜਲੀ ਦੇ ਖੰਭੇ ਤੋਂ ਗਲੀ ਦੇ ਦੂਸਰੇ ਪਾਸੇ ਕੁੱਦਣ ਦੇ ਯਤਨ ਵਿੱਚ ਸੀ। ਉਹ ਖੁਦ ਨੂੰ ਉਛਾਲ ਕੇ ਪਾਰ ਹੋ ਗਈ ਪਰ ਉਸ ਦਾ ਬੱਚਾ ਬਿਜਲੀ ਦੇ ਤਾਰ ਵਿੱਚ ਉਲਝ ਗਿਆ। ਥੋੜੀ ਹੀ ਦੇਰ ਵਿੱਚ ਉਹ ਸੜਕ ਤੇ ਡਿੱਗ ਕੇ ਮਰ ਗਿਆ। ਆਪਣੇ ਬੱਚੇ ਦੀ ਹਾਲਤ ਵੇਖ ਕੇ ਬਾਂਦਰੀ ਕ੍ਰੋਧ ਅਤੇ ਦੁੱਖ ਨਾਲ ਖਿਝਦੀ ਰਹੀ। ਮੁਹੱਲੇ ਦੇ ਬੱਚੇ ਬਾਂਦਰੀ ਦੇ ਬੱਚੇ ਨੂੰ ਚੁੱਕ ਕੇ ਗੰਗਾ ਵਿੱਚ ਸੁੱਟ ਆਏ। ਕਈ ਦਿਨਾਂ ਤਕ ਬਾਂਦਰੀ ਆਪਣੇ ਬੱਚੇ ਨੂੰ ਚਾਰੇ ਪਾਸੇ ਲੱਭਦੀ ਰਹੀ। ਰਾਤ ਨੂੰ ਕਈ ਵਾਰ ਧੀਰਜ ਨੇ ਬਾਂਦਰੀ ਦੇ ਰੋਣ ਦੀ ਆਵਾਜ਼ ਸੁਣੀ ਸੀ। ਹੋਵੇ ਨਾ ਹੋਵੇ ਸ਼ਾਇਦ ਉਹੀ ਬਾਂਦਰੀ ਬਬਲੂ ਦੀ ਛੋਟੀ ਭੈਣ ਨੂੰ ਆਪਣਾ ਬੱਚਾ ਸਮਝ ਕੇ ਚੁੱਕ ਕੇ ਲੈ ਗਈ ਹੈ।

ਜੋ ਕੁੱਝ ਵੀ ਹੋਵੇ ਸੋਚਣ ਦਾ ਸਮਾਂ ਨਹੀਂ ਸੀ। ਲੋਕ ਤਮਾਸ਼ਾ ਵੇਖਣ ਵਿੱਚ ਲੱਗੇ ਸਨ। ਜੇਕਰ ਛੇਤੀ ਹੀ ਕੁੱਝ ਨਾ ਕੀਤਾ ਗਿਆ ਤਾਂ ਵਿਚਾਰੀ ਬੱਚੀ ਦੀ ਜਾਨ ਚਲੀ ਜਾਏਗੀ।

ਧੀਰਜ ਭੀੜ ਨੂੰ ਚੀਰ ਕੇ ਫੁਰਤੀ ਨਾਲ ਬਾਹਰ ਨਿਕਲਿਆ। ਉਹ ਦੌੜ ਕੇ ਸਿੱਧਾ ਆਪਣੇ ਘਰ ਗਿਆ। ਸਕੂਲ ਤੋਂ ਵਾਪਸ ਆਉਂਦੇ ਸਮੇਂ ਅੱਜ ਉਹ ਆਪਣੇ ਨਾਲ ਕਕੜੀਆਂ ਲਿਆਇਆ ਸੀ। ਉਹਨਾਂ ਕਕੜੀਆਂ ਵਿਚੋਂ ਉਸ ਨੇ ਕਈ ਕਕੜੀਆਂ ਚੁੱਕੀਆਂ। ਉਹ ਬਬਲੂ ਦੀ ਛੱਤ ਤੇ ਫੁਰਤੀ ਨਾਲ ਚੜ ਗਿਆ। ਬਾਂਦਰ ਉਸੇ ਤਰ੍ਹਾਂ ਬੱਚੀ ਨੂੰ ਇੱਕ ਹੱਥ ਨਾਲ ਆਪਣੇ ਸਰੀਰ ਨਾਲ ਚਿਪਕਾਈ ਬਨੇਰੇ ਤੇ ਬੈਠਾ ਸੀ ਜਿਸ ਦੀ ਆਵਾਜ਼ ਰੌਲਾ ਪੈਣ ਕਰਕੇ ਲੋਕਾਂ ਦੇ ਕੰਨਾਂ ਤਕ ਨਹੀਂ ਪਹੁੰਚ ਰਹੀ ਸੀ। ਧੀਰਜ ਨੂੰ ਬੱਚੀ ਤੇ ਬੜੀ ਮਮਤਾ ਆਈ। ਅਜੀਬ ਗੱਲ ਸੀ।ਬਾਂਦਰ ਉਸ ਬੱਚੀ ਨੂੰ ਕੋਈ ਤਕਲੀਫ ਨਹੀਂ ਪਹੁੰਚਾ ਰਿਹਾ ਸੀ ਬਲਕਿ ਉਹ ਉਸ ਨੂੰ ਪਿਆਰ ਭਰੀਆਂ ਨਜ਼ਰਾਂ ਨਾਲ ਵੇਖਦੇ ਹੋਏ ਆਪਣੀ ਭਾਸ਼ਾ ਵਿੱਚ ਸ਼ਾਇਦ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਉਹ ਉਸ ਦੀ ਗੋਦ ਵਿੱਚ ਨਿਸ਼ਚਿੰਤ





ਰਹੇ। ਇਥੇ ਉਸ ਨੂੰ ਕੋਈ ਡਰ ਨਹੀਂ। ਜਾਨਵਰ ਆਦਮੀ ਦੇ ਬੱਚੇ ਨੂੰ ਐਨਾ ਪਿਆਰ ਕਰ ਸਕਦਾ ਹੈ, ਧੀਰਜ ਨੂੰ ਹੈਰਾਨੀ ਹੋਈ।

ਜਾਨਵਰ ਆਖਿਰ ਜਾਨਵਰ ਹੀ ਹੈ। ਉਹ ਕਿਸੇ ਸਮੇਂ ਕੀ ਕਰ ਗੁਜਰੇ ਪਤਾ ਨਹੀਂ? ਬੱਚੀ ਨੂੰ ਬਾਂਦਰ ਦੀ ਦਯਾ ਤੇ ਨਹੀਂ ਛੱਡਿਆ ਜਾ ਸਕਦਾ। ਧੀਰਜ ਨੇ ਬਾਂਦਰ ਨੂੰ ਕਕੜੀਆਂ ਵਿਖਾਉਂਦੇ ਹੋਏ ਕਕੜੀਆਂ ਉਸ ਦੇ ਸਾਹਮਣੇ ਕੁੱਝ ਦੂਰੀ ਤੇ ਰੱਖ ਦਿੱਤੀਆਂ ਅਤੇ ਉਹ ਖੁਦ ਲੁੱਕ ਕੇ ਬਾਂਦਰ ਦੀ ਹਰਕਤ ਵੇਖਣ ਲੱਗਾ।

ਹਰੀ-ਹਰੀ ਕਕੜੀਆਂ ਵੇਖ ਕੇ ਬਾਂਦਰ ਦੇ ਮੂੰਹ ਵਿੱਚ ਪਾਣੀ ਭਰ ਆਇਆ। ਉਹ ਬਨੇਰੇ ਤੋਂ ਉਤਰਿਆ। ਬੱਚੀ ਨੂੰ ਉਸ ਨੇ ਛੱਤ ਤੇ ਰੱਖ ਦਿੱਤਾ ਅਤੇ ਕਕੜੀ ਖਾਣ ਲੱਗਾ। ਧੀਰਜ ਇਸੇ ਸਮੇਂ ਦੀ ਤਾਕ ਵਿੱਚ ਸੀ। ਉਸ ਨੇ ਇੱਕ ਡੰਡਾ ਕੱਢਿਆ, ਫਿਰ ਚੀਕਦੇ ਹੋਏ ਤੇਜੀ ਨਾਲ ਬਾਂਦਰ ਵੱਲ ਦੌੜਿਆ। ਬਾਂਦਰ ਅਚਾਨਕ ਮੁਸੀਬਤ ਵੇਖ ਕੇ ਘਬਰਾ ਗਿਆ। ਉਹ ਇੱਕ-ਦੋ ਕਕੜੀਆਂ ਉਠਾ ਕੇ ਭੱਜ ਗਿਆ। ਧੀਰਜ ਨੇ ਰੋਂਦੀ ਹੋਈ ਬੱਚੀ ਨੂੰ ਚੁੱਕਿਆ। ਤਦ ਤਕ ਬਬਲੂ ਦੀ ਮਾਂ ਅਤੇ ਕਈ ਆਦਮੀ ਛੱਤ ਤੇ ਪਹੁੰਚ ਚੁੱਕੇ ਸਨ। ਬਬਲੂ ਦੀ ਮਾਂ ਜੋਰ-ਜੋਰ ਨਾਲ ਰੋਈ ਜਾ ਰਹੀ ਸੀ। ਧੀਰਜ ਨੇ ਬੱਚੀ ਨੂੰ ਬਬਲੂ ਦੀ ਮਾਂ ਦੀ ਗੋਦੀ ਵਿੱਚ ਦੇ ਦਿੱਤਾ। ਬੱਚੀ ਨੂੰ ਸਹੀ ਸਲਾਮਤ ਵੇਖ ਕੇ ਬਬਲੂ ਦੀ ਮਾਂ ਦੀ ਖੁਸ਼ੀ ਦਾ ਠਿਕਾਣਾ ਨਹੀਂ ਰਿਹਾ। ਬੱਚੀ ਨੂੰ ਗੋਦ ਵਿੱਚ ਲੈ ਕੇ ਉਸ ਨੇ ਧੀਰਜ ਨੂੰ ਢੇਰਾਂ ਆਸ਼ੀਰਵਾਦ ਦਿੱਤੇ। ਧੀਰਜ ਦੀ ਫੁਰਤੀ ਅਤੇ ਸੂਝ ਨੂੰ ਲੋਕਾਂ ਨੇ ਬਹੁਤ ਸਰਾਹਿਆ। ■

ਸੂਝ-ਬੂਝ ਦੀ ਬਾਲ ਕਹਾਣੀ: ਪ੍ਰਿਤਪਾਲ ਸਾਦਿਕ



# ਇੱਕ ਅਨੋਖਾ ਜੀਵ

# ਮੱਕੜੀ-ਬਿੱਛੂ

ਭਾਰਤ ਅਤੇ ਦੱਖਣੀ ਅਮਰੀਕਾ ਦੇ ਜ਼ਿਆਦਾਤਰ ਗਰਮ ਹਿੱਸਿਆਂ ਵਿੱਚ ਇੱਕ ਅਨੋਖਾ ਜੀਵ ਵੇਖਣ ਨੂੰ ਮਿਲਦਾ ਹੈ ਜਿਸ ਵਿੱਚ ਮੱਕੜੀ ਅਤੇ ਬਿੱਛੂ ਦੋਵਾਂ ਦੇ ਗੁਣ ਪਾਏ ਜਾਂਦੇ ਹਨ। ਇਸ ਦੀਆਂ ਦੋਵੇਂ ਬਾਹਾਂ ਬਿੱਛੂ ਵਾਂਗ ਹੁੰਦੀਆਂ ਹਨ ਪ੍ਰੰਤੂ ਇਸ ਦੇ ਅਗਲੇ ਹਿੱਸੇ ਚਿਮਟੇ ਦੇ ਆਕਾਰ ਦੇ ਨਾ ਹੋ ਕੇ ਮੱਕੜੀ ਦੀ ਤਰ੍ਹਾਂ ਨੋਕਦਾਰ ਹੁੰਦੇ ਹਨ। ਇਸ ਦੇ ਅੱਠੇ ਪੈਰ ਬਿੱਛੂ ਦੇ ਵਾਂਗ ਸਪਰਸ਼ ਇੰਦਰੀਆਂ ਦਾ ਕੰਮ ਕਰਦੇ ਹਨ ਪ੍ਰੰਤੂ ਇਹਨਾਂ ਦੀ ਰਚਨਾ ਮੱਕੜੀ ਦੇ ਪੈਰਾਂ ਵਾਂਗ ਹੁੰਦੀ ਹੈ। ਇਹ ਵੇਖਣ ਵਿੱਚ ਬਿੱਛੂ ਦੇ ਵਾਂਗ ਜ਼ਹਿਰੀਲਾ ਅਤੇ ਘਾਤਕ ਲੱਗਦਾ ਹੈ ਪ੍ਰੰਤੂ ਇਹ ਆਮ ਮੱਕੜੀਆਂ ਦੇ ਵਾਂਗ ਨਾ ਤਾਂ ਜਹਿਰੀਲਾ ਹੁੰਦਾ ਹੈ ਅਤੇ ਨਾ ਘਾਤਕ। ਮੱਕੜੀ-ਬਿੱਛੂ ਦੇ ਸਰੀਰ ਵਿੱਚ ਕਿਸੇ ਪ੍ਰਕਾਰ ਦੀਆਂ ਜਹਿਰੀਲੀ ਗ੍ਰੰਥੀਆਂ ਨਹੀਂ ਹੁੰਦੀਆਂ ਹਨ ਪ੍ਰੰਤੂ ਇਸ ਦੇ ਪੇਟ ਦੇ ਕੋਲ ਦੋ ਵਿਸ਼ੇਸ਼ ਗ੍ਰੰਥੀਆਂ ਹੁੰਦੀਆਂ ਹਨ ਜਿਹਨਾਂ ਵਿਚੋਂ ਬਹੁਤ ਜ਼ਿਆਦਾ ਬਦਬੂਦਾਰ, ਤੇਜਾਬ ਦੀ ਤਰ੍ਹਾਂ ਦ੍ਰਵ ਪਦਾਰਥ ਨਿਕਲਦਾ ਹੈ। ਇਸੇ ਪਦਾਰਥ ਦੇ ਕਾਰਣ ਇਸ ਨੂੰ ਬਾਕੀ ਜੀਵ ਨਹੀਂ ਖਾਂਦੇ ਅਤੇ ਇਹ ਸੁਰੱਖਿਅਤ ਰਹਿੰਦਾ ਹੈ। ਇਸ ਦੀਆਂ ਲਗਭਗ ਤਿੰਨ ਸੌ ਜਾਤੀਆਂ ਦੀ ਖੋਜ ਕੀਤੀ ਜਾ ਚੁੱਕੀ ਹੈ।

ਮੱਕੜੀ-ਬਿੱਛੂ ਦੀਆਂ ਦੋ ਪ੍ਰਮੁੱਖ ਉਪਜਾਤੀਆਂ ਹਨ- ਪੂਛ ਵਾਲੇ ਮੱਕੜੀ-ਬਿੱਛੂ ਅਤੇ ਬਿਨਾ ਪੂਛ ਵਾਲੇ ਮੱਕੜੀ-ਬਿੱਛੂ। ਪੂਛ ਵਾਲੇ ਮੱਕੜੀ-ਬਿੱਛੂ ਦਾ ਆਕਾਰ 5 ਸੈਂਟੀਮੀਟਰ ਤਕ ਅਤੇ ਸਰੀਰ ਦਾ ਰੰਗ ਹਲਕਾ ਮਟਮੈਲਾ ਪੀਲਾ ਹੁੰਦਾ ਹੈ। ਇਸ ਦੀਆਂ ਅੱਗੇ ਦੀਆਂ ਬਾਹਾਂ ਅਸਲੀ ਬਿੱਛੂ ਦੇ ਵਾਂਗ ਹੁੰਦੀਆਂ ਹਨ ਪ੍ਰੰਤੂ ਪਤਲੀਆਂ ਹੁੰਦੀਆਂ ਹਨ ਅਤੇ ਇਹਨਾਂ ਦੇ ਸਿਰੇ ਨੁਕੀਲੇ ਹੁੰਦੇ ਹਨ। ਪੂਛ ਵਾਲੇ ਮੱਕੜੀ-ਬਿੱਛੂ ਦੀ ਪੂਛ ਬਿੱਛੂ ਦੇ ਸਮਾਨ ਨਾ ਹੋ ਕੇ ਮੱਕੜੀ ਦੇ ਪੈਰ ਦੇ ਸਮਾਨ ਲੰਮੀ ਅਤੇ ਨੁਕੀਲੀ ਹੁੰਦੀ ਹੈ ਅਤੇ ਇਹਨਾਂ ਵਿੱਚ ਅੱਗੇ ਡੰਕ ਨਹੀਂ ਹੁੰਦਾ। ਇਹ ਅੰਨ੍ਹੇ ਹੁੰਦੇ ਹਨ ਅਤੇ ਅਕਸਰ ਗੁਫਾਵਾਂ ਜਾਂ ਪੱਥਰਾਂ ਦੇ ਹੇਠਾਂ ਰਹਿੰਦੇ ਹਨ।

ਬਿਨਾ ਪੂਛ ਵਾਲੇ ਮੱਕੜੀ-ਬਿੱਛੂ ਵੇਖਣ ਵਿੱਚ ਬਿੱਛੂ ਦੀ ਤਰ੍ਹਾਂ ਘੱਟ ਅਤੇ ਮੱਕੜੀ ਦੀ ਤਰ੍ਹਾਂ ਜ਼ਿਆਦਾ ਲੱਗਦੇ ਹਨ। ਇਹਨਾਂ ਦਾ ਸਰੀਰ ਮੱਕੜੀ ਦੇ ਵਾਂਗ ਚਪਟਾ ਅਤੇ ਗੋਲ ਹੁੰਦਾ ਹੈ। ਇਹਨਾਂ ਦੇ ਸਰੀਰ ਦੇ ਅਗਲੇ ਹਿੱਸੇ ਵਿੱਚ ਦੋਵੇਂ ਬਾਹਾਂ ਬਿੱਛੂ ਦੇ ਵਾਂਗ ਲੰਮੀਆਂ ਅਤੇ ਮਜ਼ਬੂਤ ਹੁੰਦੀਆਂ ਹਨ ਪ੍ਰੰਤੂ ਸਰੀਰ ਦੇ ਅੰਤ ਵਿੱਚ ਨਾ ਤਾਂ ਪੂਛ ਹੁੰਦੀ ਹੈ ਅਤੇ ਨਾ ਹੀ ਡੰਕ।

ਬਿਨਾ ਪੂਛ ਵਾਲੇ ਮੱਕੜੀ-ਬਿੱਛੂਆਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਦੇ ਪੈਰਾਂ ਦਾ ਅਗਲਾ ਜੋੜਾ ਇਹਨਾਂ ਦੇ ਸਰੀਰ ਤੋਂ ਕਈ ਗੁਣਾ ਜ਼ਿਆਦਾ ਲੰਮਾ ਹੁੰਦਾ ਹੈ। ਉਦਾਹਰਣ ਦੇ ਲਈ ਬਿਨਾ ਪੂਛ ਵਾਲੇ ਮੱਕੜੀ ਬਿੱਛੂ ਦੇ ਸਰੀਰ ਦੀ ਲੰਬਾਈ 2 ਸੈਂਟੀਮੀਟਰ ਤੋਂ ਜ਼ਿਆਦਾ ਨਹੀਂ ਹੁੰਦੀ ਪ੍ਰੰਤੂ ਇਸ ਦੇ ਅਗਲੇ ਪੈਰਾਂ ਦਾ ਜੋੜਾ 25 ਸੈਂਟੀਮੀਟਰ ਤਕ ਲੰਮਾ ਹੁੰਦਾ ਹੈ।

ਬਿੱਛੂ ਦੇ ਵਾਂਗ ਮੱਕੜੀ-ਬਿੱਛੂ ਵੀ ਰਾਤਰੀ ਹੈ। ਇਹ ਦਿਨ ਦੇ ਸਮੇਂ ਲੱਕੜੀ ਦੇ ਲੱਠਿਆਂ ਜਾਂ ਪੱਥਰਾਂ ਦੇ ਹੇਠਾਂ, ਰੁੱਖਾਂ ਦੇ ਸੱਕਾਂ ਦੇ ਅੰਦਰ ਜਾਂ ਆਪਣੇ ਹੀ ਰਾਹੀਂ ਪੁੱਟੀਆਂ ਗਈਆਂ ਖੁੱਡਾਂ ਵਿੱਚ ਸੁਸਤ ਪਿਆ ਰਹਿੰਦਾ ਹੈ ਅਤੇ ਰਾਤ ਦੇ ਸਮੇਂ ਭੋਜਨ ਦੀ ਭਾਲ ਵਿੱਚ ਨਿਕਲਦਾ ਹੈ। ਰੇਗਿਸਤਾਨੀ ਹਿੱਸਿਆਂ ਵਿੱਚ ਮਿਲਣ ਵਾਲਾ ਮੱਕੜੀ ਬਿੱਛੂ ਗਰਮੀ ਤੋਂ ਬਚਣ ਲਈ ਰੇਤ ਦੇ ਅੰਦਰ ਕਾਫੀ ਗਹਿਰਾਈ ਵਿੱਚ ਪਹੁੰਚ ਜਾਂਦਾ ਹੈ ਅਤੇ ਦਿਨ ਦਾ ਸਮਾਂ ਉਥੇ ਬਤੀਤ ਕਰਦਾ ਹੈ। ਮੱਕੜੀ-ਬਿੱਛੂ ਦਾ ਪ੍ਰਮੁੱਖ ਭੋਜਨ ਬਹੁਤ ਹੀ ਛੋਟੇ-ਛੋਟੇ ਕੀੜੇ-ਮਕੌੜੇ, ਮੱਕੜੀਆਂ ਅਤੇ ਇਹਨਾਂ ਦੇ ਨਵੇਂ ਜੰਮੇ ਬੱਚੇ ਹਨ। ਇਸ ਦੇ ਛੋਟੇ ਜਿਹੇ ਮੂੰਹ ਵਿੱਚ ਜੋ ਵੀ ਜੀਵ ਆ ਜਾਂਦਾ ਹੈ ਇਹ ਉਸ ਨੂੰ ਖਾ ਜਾਂਦਾ ਹੈ। ■

ਜਾਣਕਾਰੀਪੂਰਣ ਲੇਖ: ਪਰਸ਼ੂਰਾਮ ਸ਼ੁਕਲ

ਬਾਲ ਕਵਿਤਾ: ਰਾਜਕੁਮਾਰ ਰਾਜਨ

# ਅੱਗੇ ਵਧਦੇ ਜਾਣਾ



ਕੀੜੀ ਸਮਾਂ ਨਾ ਗਵਾਉਂਦੀ ਵਿਅਰਥ,
ਸਮਝਾਉਂਦੀ ਜੀਵਨ ਦੇ ਅਰਥ।

ਕਿੰਨੀ ਮਿਹਨਤ ਇਹ ਕਰਦੀ ਹੈ,
ਲੇਕਿਨ ਕਦੇ ਨਾ ਥਕਦੀ ਹੈ।

ਚਲਦੀ ਰਹਿੰਦੀ ਸਦਾ ਹਰਦਮ,
ਰੁਕਦੀ ਕਦੇ ਨਹੀਂ ਹੈ ਪਲਭਰ।

ਜੋੜ-ਜੋੜ ਕੇ ਦਾਣਾ ਦਾਣਾ,
ਕਰਦੀ ਜਮਾ ਹੈ ਸਾਰਾ ਖਾਣਾ।

ਚੀਨੀ ਇਸ ਨੂੰ ਬਹੁਤ ਭਾਉਂਦੀ,
ਕੜਵਾਹਟ ਦੇ ਕੋਲ ਨਾ ਆਉਂਦੀ।

ਚਲਦੀ ਆਪਣੇ ਦਲ ਦੇ ਨਾਲ,
ਕਦੇ ਨਾ ਤੋੜੇ ਇਹ ਕਤਾਰ।

ਇਸ ਦਾ ਤਾਂ ਇਹ ਮੰਤਰ ਪੁਰਾਣਾ,
ਅੱਗੇ ਹਰਦਮ ਵੱਧਦੇ ਜਾਣਾ।





# ਹਾਸਾ ਖੇਡਾ

ਡਾਕਟਰ : ਇਸ ਦਵਾਈ ਨੂੰ ਇੱਕ ਹਫ਼ਤੇ ਵਿੱਚ ਖਤਮ ਕਰੋ ਅਤੇ ਬਾਦ ਵਿੱਚ ਆ ਕੇ ਵਿਖਾਉ।

ਮਰੀਜ਼ : ਠੀਕ ਹੈ ਡਾਕਟਰ ਸਾਹਿਬ।

(ਇੱਕ ਹਫ਼ਤੇ ਬਾਦ)

ਡਾਕਟਰ : ਦਵਾ ਖਤਮ ਹੋਈ ਕੀ?

ਮਰੀਜ਼ : ਨਹੀਂ ਡਾਕਟਰ ਸਾਹਿਬ।

ਡਾਕਟਰ : ਕਿਉਂ ਨਹੀਂ?

ਮਰੀਜ਼ : ਉਸ ਤੇ ਲਿਖਿਆ ਸੀ ਕਿ ਬੋਤਲ ਨੂੰ ਹਮੇਸ਼ਾਂ ਬੰਦ ਰੱਖੋ।

ਮਾਲਿਕ : (ਨੌਕਰ ਨੂੰ) ਰਾਮਦੀਨ, ਕੀ ਤੈਨੂੰ ਪਤਾ ਹੈ ਮੈਂ ਇੱਕ ਘੰਟੇ ਤੋਂ ਘੰਟੀ ਵਜਾ ਰਿਹਾ ਹਾਂ।

ਨੌਕਰ : ਸਾਹਿਬ, ਆਪ ਘਰ ਦੇ ਮਾਲਿਕ ਹੋ। ਇੱਕ ਘੰਟਾ ਕੀ, ਆਪ ਦਿਨਭਰ ਘੰਟੀ ਵਜਾ ਸਕਦੇ ਹੋ।





ਪਹਿਲਾ ਦੋਧੀ : ਇੱਕ ਵਾਰ ਮੇਰੇ ਪਿੰਡ ਵਿੱਚ ਐਨੀ ਠੰਡ ਪਈ ਕਿ ਲੋਕ ਆਪਣੀਆਂ ਮੱਝਾਂ-ਗਾਵਾਂ ਨੂੰ ਗਰਮ ਕਪੜੇ ਪਾਉਣ ਲੱਗੇ।

ਦੂਸਰਾ ਦੋਧੀ : ਮੇਰੇ ਪਿੰਡ ਵਿੱਚ ਤਾਂ ਠੰਡ ਦੇ ਕਾਰਣ ਮੱਝਾਂ-ਗਾਵਾਂ ਨੇ ਦੁੱਧ ਦੇਣਾ ਬੰਦ ਕਰ ਦਿੱਤਾ।

ਤੀਸਰਾ ਦੋਧੀ : ਛੱਡੋ ਨਾ! ਮੇਰੇ ਪਿੰਡ ਵਿੱਚ ਐਨੀ ਠੰਡ ਪਈ ਕਿ ਮੱਝਾਂ-ਗਾਵਾਂ ਨੇ ਦੁੱਧ ਦੀ ਜਗ੍ਹਾ ਆਈਸਕ੍ਰੀਮ ਦੇਣੀ ਸ਼ੁਰੂ ਕਰ ਦਿੱਤੀ।



ਰਾਮੂ ਦੇ ਦੋਵੇਂ ਕੰਨ ਸੜ ਗਏ। ਉਹ ਡਾਕਟਰ ਦੇ ਕੋਲ ਗਿਆ। ਡਾਕਟਰ ਨੇ ਪੁੱਛਿਆ – ਇਹ ਕਿਵੇਂ ਹੋਇਆ?

ਰਾਮੂ : ਮੈਂ ਕਪੜੇ ਪ੍ਰੈਸ ਕਰ ਰਿਹਾ ਸੀ। ਤਦੇ ਫੋਨ ਵਜਾ, ਮੈਂ ਛੇਤੀ ਵਿੱਚ ਗਲਤੀ ਨਾਲ ਫੋਨ ਦੀ ਜਗ੍ਹਾ ਪ੍ਰੈਸ ਕੰਨ ਤੇ ਲਗਾ ਲਈ।

ਡਾਕਟਰ : ਲੇਕਿਨ ਇਹ ਦੂਸਰਾ ਕੰਨ ਕਿਵੇਂ ਸੜਿਆ?

ਰਾਮੂ : ਗੱਲ ਇਹ ਹੈ ਕਿ ਥੋੜੀ ਦੇਰ ਬਾਦ ਫਿਰ ਫੋਨ ਆ ਗਿਆ ਸੀ।

ਚਿੰਟੂ : ਯਾਰ, ਅੱਜ ਤਾਂ ਦਸ ਰੁਪਏ ਵਿੱਚ ਤਿੰਨ ਅਮਰੂਦ ਮਿਲ ਗਏ।

ਪਿੰਟੂ : ਉਹ ਕਿਵੇਂ?

ਚਿੰਟੂ : ਇੱਕ ਅਮਰੂਦ ਉਸ ਨੇ ਦਿੱਤਾ। ਇੱਕ ਮੈਂ ਚੁੱਕ ਕੇ ਭੱਜਿਆ ਅਤੇ ਇੱਕ ਉਸ ਨੇ ਮੈਨੂੰ ਸੁੱਟ ਕੇ ਮਾਰਿਆ।

– ਪ੍ਰਤੀਕਸ਼ਾ

ਰਾਮੂ : ਸਰ, ਮੇਰੇ ਘਰ ਵਿੱਚ ਟੀ.ਵੀ. ਨੂੰ ਛੱਡ ਕੇ ਬਾਕੀ ਸਭ ਕੁੱਝ ਚੋਰੀ ਹੋ ਗਿਆ ਹੈ।

ਪੁਲਿਸ : ਚੋਰ ਨੇ ਸਿਰਫ ਟੀਵੀ ਕਿਸ ਲਈ ਛੱਡਿਆ ਹੋਵੇਗਾ?

ਰਾਮੂ : ਮੈਨੂੰ ਕੀ ਪਤਾ ਸਰ! ਮੈਂ ਉਸ ਸਮੇਂ ਟੀਵੀ ਤੇ ਫਿਲਮ ਵੇਖ ਰਿਹਾ ਸੀ।

ਇੱਕ ਬੱਚਾ ਸਕੂਲ ਤੋਂ ਆਇਆ ਤਾਂ ਉਸ ਦੀ ਮਾਂ ਨੇ ਉਸ ਦਾ ਖਰੋਚਾਂ ਨਾਲ ਭਰਿਆ ਚਿਹਰਾ ਵੇਖ ਕੇ ਚਿੜਦੀ ਹੋਈ ਬੋਲੀ- ਤੂੰ ਫਿਰ ਕਿਸੇ ਬੱਚੇ ਨਾਲ ਲੜਾਈ ਕੀਤੀ? ਮੈਂ ਤੈਨੂੰ ਕਿੰਨੀ ਵਾਰ ਸਮਝਾਇਆ ਹੈ ਕਿ ਜਦ ਕਦੇ ਵੀ ਲੜਾਈ-ਝਗੜੇ ਦੀ ਨੌਬਤ ਆਉਂਦੀ ਵਿਖਾਈ ਦੇਵੇ ਤਾਂ, ਤੂੰ ਲੜਾਈ ਤੋਂ ਪਹਿਲਾਂ ਵੀਹ ਤਕ ਗਿਣਤੀ ਗਿਣਿਆ ਕਰ।

ਬੱਚਾ ਬੋਲਿਆ – ਪਤਾ ਹੈ ਮੰਮੀ, ਲੇਕਿਨ ਦੂਸਰੇ ਲੜਕੇ ਦੀ ਮੰਮੀ ਨੇ ਉਸ ਨੂੰ ਸਿਰਫ ਦਸ ਤਕ ਹੀ ਗਿਣਤੀ ਲਈ ਕਿਹਾ ਸੀ।

ਭਿਖਾਰੀ : ਭਾਈ, ਇੱਕ ਰੁਪਿਆ ਦੇ ਦੋ, ਤਿੰਨ ਦਿਨਾਂ ਤੋਂ ਭੁੱਖਾ ਹਾਂ।

ਰਾਹਗੀਰ : ਤਿੰਨ ਦਿਨ ਤੋਂ ਭੁੱਖਾ ਹੈ ਤਾਂ ਇੱਕ ਰੁਪਏ ਦਾ ਕੀ ਕਰੇਗਾ?

ਭਿਖਾਰੀ : ਆਪਣਾ ਵਜਨ ਤੋਲੂਗਾ ਕਿੰਨਾ ਘਟਿਆ ਹੈ?

– ਅਮਿਤ

ਸੋਨੂੰ : ਤੁਹਾਡਾ ਘਰ ਕਿਥੇ ਹੈ?

ਮੋਨੂੰ : ਮਹਾਲਕਸ਼ਮੀ ਸਿਨੇਮਾਘਰ ਦੇ ਸਾਹਮਣੇ।

ਸੋਨੂੰ : ਮਹਾਲਕਸ਼ਮੀ ਸਿਨੇਮਾਘਰ ਕਿਥੇ ਹੈ?

ਮੋਨੂੰ : ਮੇਰੇ ਘਰ ਦੇ ਸਾਹਮਣੇ।

ਸੋਨੂੰ : ਅਤੇ ਇਹ ਦੋਵੇਂ ਕਿਥੇ ਹਨ?

ਮੋਨੂੰ : ਇੱਕ -ਦੂਸਰੇ ਦੇ ਆਹਮਣੇ-ਸਾਹਮਣੇ।

– ਵਿਕਾਸ ਕੁਮਾਰ

ਰਾਜੂ : (ਕਮਲ ਨੂੰ) ਮੈਨੂੰ ਇੱਕ ਚੰਗੀ ਨੌਕਰੀ ਮਿਲ ਗਈ ਹੈ।


ਕਮਲ : ਤਦ ਤਾਂ ਤੈਨੂੰ ਪੈਸੇ ਵੀ ਚੰਗੇ ਮਿਲਦੇ ਹੋਣਗੇ?

ਰਾਜੂ : ਪੈਸੇ ਤਾਂ ਨਹੀਂ, ਪਰ ਅਧਿਕਾਰ ਮੈਨੂੰ ਖੂਬ ਮਿਲ ਰਹੇ ਹਨ। ਮੈਂ ਛੋਟੇ ਤੋਂ ਛੋਟੇ ਅਤੇ ਵੱਡੇ ਤੋਂ ਵੱਡੇ ਆਦਮੀ ਨੂੰ ਹੇਠਾਂ ਉਤਾਰ ਸਕਦਾ ਹਾਂ।

ਕਮਲ : ਇਹ ਕਿਵੇਂ ਕਰਦੇ ਹੋ?

ਰਾਜੂ : ਮੈਂ ਲਿਫਟਮੈਨ ਹਾਂ।

– ਪੂਜਾ



ਪ੍ਰੇਰਕ ਕਥਾ : ਈਲੂ ਰਾਣੀ

# ਦਿਲ ਕੰਚਨ ਬਣਾ ਲਿਆ

.... ਮਾਲਵੀਯ ਜੀ ਬਨਾਰਸ ਹਿੰਦੂ ਯੂਨੀਵਰਸਿਟੀ ਨੂੰ ਸਦਾ ਸਾਫ ਅਤੇ ਸੁਥਰੇ ਰੂਪ ਵਿੱਚ ਵੇਖਣਾ ਚਾਹੁੰਦੇ ਸਨ। ਇਸ ਲਈ ਮਾਲਵੀਯ ਜੀ ਨੇ ਯੂਨੀਵਰਸਿਟੀ ਦੇ ਵਿਸ਼ਾਲ ਮੈਦਾਨ ਵਿੱਚ ਰੰਗ-ਬਿਰੰਗੇ ਫੁੱਲਾਂ ਦੇ ਪੌਦੇ ਲਗਾ ਰੱਖੇ ਸਨ। ਉਹ ਉਹਨਾਂ ਦੀ ਨਿਗਰਾਨੀ ਆਪਣੇ ਚੇਲਿਆਂ ਵਾਂਗ ਕਰਦੇ ਸਨ। ਜੇਕਰ ਕਦੇ ਮਾਲੀ ਨਾ ਆਉਂਦਾ ਤਾਂ ਪੌਦਿਆਂ ਨੂੰ ਆਪਣੇ ਹੱਥਾਂ ਨਾਲ ਪਾਣੀ ਪਾਇਆ ਕਰਦੇ ਸਨ। ਉਹਨਾਂ ਦੀ ਦੇਖ-ਰੇਖ ਵਿੱਚ ਯੂਨੀਵਰਸਿਟੀ ਦਾ ਪੂਰਾ ਮੈਦਾਨ ਹੱਸਦਾ-ਮੁਸਕਰਾਉਂਦਾ ਵਿਖਾਈ ਦਿੰਦਾ ਸੀ। ਇੱਕ ਵਾਰ ਮਾਲਵੀਯ ਜੀ ਯੂਨੀਵਰਸਿਟੀ ਦੇ ਹੋਸਟਲ ਵਿੱਚ ਪਹੁੰਚੇ। ਉਹਨਾਂ ਨੇ ਯੂਨੀਵਰਸਿਟੀ ਦੇ ਹਰੇਕ ਕਮਰੇ ਦਾ ਨਿਰੀਖਣ ਕੀਤਾ।

ਇੱਕ ਵਿਦਿਆਰਥੀ ਨੇ ਆਪਣੇ ਪਲੰਗ ਦੇ ਕੋਲ ਕੰਧ ਤੇ ਪੈਂਸਿਲ ਨਾਲ ਦੁੱਧ ਅਤੇ ਭੋਜਨ ਦਾ ਹਿਸਾਬ ਲਿਖ ਰੱਖਿਆ ਸੀ। ਉਸ ਨੂੰ ਵੇਖ ਕੇ ਮਾਲਵੀਯ ਜੀ ਕਹਿਣ ਲੱਗੇ- ''ਮੈਨੂੰ ਜਿੰਨਾ ਪਿਆਰ ਤੇਰੇ ਨਾਲ ਹੈ, ਓਨਾਂ ਹੀ ਇਹਨਾਂ ਕੰਧਾਂ ਨਾਲ ਵੀ ਹੈ। ਮੈਂ ਇਸ ਵਿਦਿਆ ਦੇ ਮੰਦਿਰ ਵਿੱਚ ਸਫ਼ਾਈ ਅਤੇ ਪਵਿੱਤਰਤਾ ਦਾ ਦਰਸ਼ਨ ਕਰਨਾ ਚਾਹੁੰਦਾ ਹਾਂ। ਭਵਿੱਖ ਵਿੱਚ ਤੁਸੀਂ ਇਹਨਾਂ ਦੀਵਾਰਾਂ ਤੇ ਕੁੱਝ ਵੀ ਲਿਖਣ ਦਾ ਯਤਨ ਨਾ ਕਰਨਾ। ਐਨਾ ਕਹਿ ਕੇ ਉਹਨਾਂ ਨੇ ਆਪਣਾ ਦੁੱਧ ਵਰਗਾ ਸਫੈਦ ਰੁਮਾਲ ਕੱਢ ਕੇ ਦੀਵਾਰ ਤੇ ਲਿਖੇ ਹੋਏ ਆਂਕੜਿਆਂ ਨੂੰ ਮਿਟਾ ਦਿੱਤਾ।

ਇਹ ਵੇਖ ਕੇ ਉਹ ਵਿਦਿਆਰਥੀ ਉਹਨਾਂ ਦੇ ਚਰਨ ਛੂਹ ਕੇ ਗਿੜਗੜਾਉਣ ਲੱਗਾ - ''ਗੁਰੂਦੇਵ! ਮੇਰੇ ਤੋਂ ਗਲਤੀ ਹੋ ਗਈ। ਮਾਫ਼ ਕਰ ਦਿਉ। ਹੁਣ ਮੈਂ ਕੰਧ ਨੂੰ ਕਦੇ ਗੰਦੀ ਨਹੀਂ ਕਰਾਂਗਾ। ਇਹਨਾਂ ਨੂੰ ਆਪ ਦੇ ਰੁਮਾਲ ਵਾਂਗ ਸਾਫ਼ ਰੱਖਾਂਗਾ।

ਫਿਰ ਉਹ ਵਿਦਿਆਰਥੀ ਬਜ਼ਾਰ ਤੋਂ ਚੂਨਾ ਖਰੀਦ ਕੇ ਲਿਆਇਆ। ਆਪਣੇ ਹੱਥਾਂ ਨਾਲ ਪੂਰੇ ਕਮਰੇ ਦੀਆਂ ਕੰਧਾਂ ਪੋਚੀਆਂ।

ਜਦ ਮਾਲਵੀਯ ਜੀ ਨੂੰ ਉਸ ਵਿਦਿਆਰਥੀ ਨੇ ਆਪਦੇ ਕਮਰੇ ਦੀ ਸਫ਼ਾਈ ਦੇ ਬਾਰੇ ਦੱਸਿਆ ਤਾਂ ਉਸ ਨੂੰ ਗਲੇ ਲਗਾ ਕੇ ਬੋਲੇ - ''ਚੇਲੇ ਅੱਜ ਤੂੰ ਕਮਰੇ ਵਿੱਚ ਸਫੈਦੀ ਕਰਕੇ ਆਪਣਾ ਦਿਲ ਕੰਚਨ ਬਣਾ ਲਿਆ ਹੈ ਯਾਦ ਰੱਖੋ.. ਤੁਸੀਂ ਜ਼ਿੰਦਗੀ ਵਿੱਚ ਜਿੰਨੀ ਸਫ਼ਾਈ ਰੱਖੋਗੇ ਓਨੇ ਹੀ ਤੁਹਾਡੇ ਪ੍ਰਸੰਸਕ ਬਣਨਗੇ...ਅਤੇ ਤੁਸੀਂ ਆਪਣੀ ਅਸਲੀ ਜ਼ਿੰਦਗੀ ਦੇ ਦਰਪਣ ਵਿੱਚ ਪਵਿੱਤਰਤਾ ਦਾ ਦਰਸ਼ਨ ਕਰ ਸਕੋਗੇ।

## ਲੇਖਕਾਂ ਨੂੰ ਬੇਨਤੀ

ਆਪ ਸੰਤ ਨਿਰੰਕਾਰੀ ਮਿਸ਼ਨ ਦੀ ਕਿਸੇ ਵੀ ਪੱਤਰ-ਪਤ੍ਰਕਾ ਜਿਵੇਂ 'ਸੰਤ ਨਿਰੰਕਾਰੀ', 'ਹੰਸਤੀ ਦੁਨੀਆਂ, 'ਏਕ ਨਜ਼ਰ' ਆਦਿ ਵਿਚ ਅਪਣੇ ਲੇਖ, ਕਵਿਤਾ, ਕਹਾਣੀ, ਗੀਤ, ਡਿਜਾਇਨਿੰਗ ਆਦਿ ਦੁਆਰਾ ਯੋਗਦਾਨ ਦੇਣਾ ਚਾਹੁੰਦੇ ਹੋ ਤਾਂ ਅਪਣੀ ਰਚਨਾ ਨਾਲ ਸੰਬੰਧਿਤ ਸੰਖੇਪ ਵਿਵਰਣ (profile) ਹੇਠ ਲਿਖੇ email id ਤੇ ਭੇਜਣਾ-

hduniya.punjabi@nirankari.org
cc to sn.new@nirankari.org

-ਮੈਂਬਰ ਇੰਚਾਰਜ, ਪਤ੍ਰਕਾ-ਪ੍ਰਕਾਸ਼ਨ ਵਿਭਾਗ

# ਸਾਧਾਰਣ ਗਿਆਨ ਪ੍ਰਸ਼ਨੋਤਰੀ



*(ਸਭ ਸਵਾਲਾਂ ਦੇ ਜੁਆਬ 'ਆ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)*

ਪ੍ਰਸ਼ਨ 1 – ਸੰਸਾਰ ਦੇ ਸਭ ਤੋਂ ਵੱਡੇ ਮਹਾਦੀਪ ਦਾ ਕੀ ਨਾਂ ਹੈ?

ਪ੍ਰਸ਼ਨ 2 – ਈਰਾਨ ਦੇਸ਼ ਦਾ ਪੁਰਾਣਾਂ ਨਾਂ ਕੀ ਸੀ?

ਪ੍ਰਸ਼ਨ 3 – ਅਸਮ ਰਾਜ ਵਿਚ ਬੋਲੀ ਜਾਣ ਵਾਲੀ ਮੁੱਖ ਭਾਸ਼ਾ ਕਿਹੜੀ ਹੈ?

ਪ੍ਰਸ਼ਨ 4 – ਬ੍ਰਹਮਾ, ਵਿਸ਼ਨੂੰ, ਮਹੇਸ਼ ਨੇ ਕਿਸ ਮਹਿਲਾ ਦੇ ਪਤੀਵਰਤਾ ਧਰਮ ਦੀ ਪ੍ਰੀਖਿਆ ਲਈ ਸੀ?

ਪ੍ਰਸ਼ਨ 5 – ਭਗਵਾਨ ਸ਼੍ਰੀ ਕ੍ਰਿਸ਼ਨ ਨੇ ਯਮਨਾਂ ਵਿਚ ਰਹਿੰਦੇ ਕਿਸ ਨਾਗ ਨੂੰ ਮਾਰ ਕੇ ਗੋਕਲ ਵਾਸੀਆਂ ਦੀ ਰੱਖਿਆ ਕੀਤੀ ਸੀ?

ਪ੍ਰਸ਼ਨ 6 – ਏਸ਼ੀਆ ਦਾ ਸਭ ਤੋਂ ਵੱਡਾ ਗੋਬੀ ਰੇਗਿਸਤਾਨ ਕਿਸ ਦੇਸ਼ ਵਿਚ ਹੈ?

ਪ੍ਰਸ਼ਨ 7 – ਨੇਤ੍ਰਦਾਨ ਕੀਤੀ ਅੱਖ ਦਾ ਕਿਹੜਾ ਭਾਗ ਉਪਯੋਗ ਕੀਤਾ ਜਾਂਦਾ ਹੈ?

ਪ੍ਰਸ਼ਨ 8 – ਸੰਸਾਰ ਦਾ ਸਭ ਤੋਂ ਵੱਡੇ ਦੀਪ ਸਮੂਹ ਵਾਲਾ ਦੇਸ਼ ਕਿਹੜਾ ਹੈ?

ਪ੍ਰਸ਼ਨ 9 – ਆਸਕਰ ਪੁਰਸਕਾਰ ਪ੍ਰਾਪਤ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਕੌਣ ਸੀ?

ਪ੍ਰਸ਼ਨ 10 – ਕਿਸ ਦੇਸ਼ ਨੂੰ ਕੰਗਾਰੂਆਂ ਦਾ ਦੇਸ਼ ਵੀ ਕਿਹਾ ਜਾਂਦਾ ਹੈ?

ਪ੍ਰਸ਼ਨ 11 – ਮਹਾਤਮਾ ਬੁੱਧ ਦੀ ਮਾਤਾ ਦਾ ਕੀ ਨਾਂ ਸੀ?

ਪ੍ਰਸ਼ਨ 12 – ਯੂਰਪ ਮਹਾਦੀਪ ਦੇ ਕਿਸ ਦੇਸ਼ ਦੀ ਰਾਜਧਾਨੀ ਤਿਰਾਨਾ ਹੈ?

ਪ੍ਰਸ਼ਨ 13 – ਜਨਮਸੰਖਿਆ ਦੇ ਅਨੁਸਾਰ ਅਫਰੀਕਾ ਮਹਾਦੀਪ ਦਾ ਸਭ ਤੋਂ ਵੱਡਾ ਦੇਸ਼ ਕਿਹੜਾ ਹੈ?

ਪ੍ਰਸ਼ਨ 14 – ਭਾਰਤ ਦੀ ਮੁਦ੍ਰਾ ਕਿਹੜੀ ਹੈ?

ਪ੍ਰਸ਼ਨ 15 – ਭਗਵਾਨ ਸ਼੍ਰੀ ਰਾਮ ਦਾ ਜਨਮ ਕਿੱਥੇ ਹੋਇਆ ਸੀ?

ਪੇਸ਼ਕਸ਼: ਵਿਕਾਸ ਅਰੋੜਾ

*(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)*




# ਕਿੱਟੀ

ਚਿੱਤਰਕਾਰ ਅਤੇ ਲੇਖਕ
– ਅਜੈ ਕਾਲੜਾ




ਬੁਰੀਆਂ ਆਦਤਾਂ
ਗੰਦਗੀ ਫੈਲਾਉਣਾ
ਜ਼ਿਆਦਾ ਟੀ.ਵੀ. ਵੇਖਣਾ।
ਚੋਰੀ ਕਰਨਾ।
ਚੰਗੀਆਂ ਆਦਤਾਂ
ਸਵੇਰੇ ਉਠ ਕੇ ਵੱਡਿਆਂ ਨੂੰ ਪ੍ਰਣਾਮ ਕਰਨਾ।
SCHOOL
ਸਮੇਂ ਸਿਰ ਸਕੂਲ ਜਾਣਾ।
ਝੂਠ ਨਾ ਬੋਲਣਾ।


ਬੁਰੀਆਂ ਆਦਤਾਂ
ਬਿਨਾ ਹੱਥ ਧੋਏ ਖਾਣਾ ਖਾਣਾ
ਵੱਡਿਆਂ ਦਾ ਨਿਰਾਦਰ ਕਰਨਾ।
ਜਾਨਵਰਾਂ ਨੂੰ ਪ੍ਰੇਸ਼ਾਨ ਕਰਨਾ।
ਚੰਗੀਆਂ ਆਦਤਾਂ
ਵੱਡਿਆਂ ਅਤੇ ਛੋਟਿਆਂ ਦਾ ਆਦਰ ਕਰਨਾ।
ਆਪਣਾ ਕੰਮ ਸਮੇਂ ਸਿਰ ਕਰਨਾ।
ਲੋੜਵੰਦਾਂ ਦੀ ਮਦਦ ਕਰਨਾ।


ਬੁਰੀਆਂ ਆਦਤਾਂ
ਦੂਸਰਿਆਂ ਦੇ ਵਿੱਚ ਬੋਲਣਾ।
ਚੰਗੀਆਂ ਆਦਤਾਂ
ਘਰ ਦੇ ਕੰਮ ਵਿੱਚ ਮਦਦ ਕਰਨਾ।
ਜ਼ਿਆਦਾ ਖੇਡਣਾ।
ਕ੍ਰੋਧ ਨਾ ਕਰਨਾ।
ਵਾਹ! ਸਾਰੇ ਬੱਚੇ ਕਿੱਟੀ ਲਈ ਤਾੜੀਆਂ ਵਜਾਉ।
ਕਿੱਟੀ ਤੂੰ ਅੱਜ ਕਮਾਲ ਕਰ ਦਿੱਤਾ।

# ਸੁੰਦਰਵਨ ਦੀ ਇੱਕ ਸਵੇਰ

ਸੁੰਦਰਵਨ ਦੇ ਘਣੇ ਜੰਗਲ ਵਿੱਚ ਤਰ੍ਹਾਂ-ਤਰ੍ਹਾਂ ਦੇ ਪਸ਼ੂ-ਪੰਛੀ ਰਹਿੰਦੇ ਸਨ। ਜੰਗਲ ਦੇ ਵਿਚਕਾਰ ਵਹਿਣ ਵਾਲੀ ਸ਼ਾਮਾ ਨਦੀ ਦਾ ਪਾਣੀ ਪੀ ਕੇ ਹਾਥੀ, ਸ਼ੇਰ, ਚੀਤੇ, ਬਾਂਦਰ, ਭਾਲੂ ਸਾਰੇ ਆਪਣੀ ਪਿਆਸ ਬੁਝਾਉਂਦੇ ਸਨ ਅਤੇ ਜੰਗਲ ਵਿੱਚ ਪ੍ਰਾਪਤ ਹਰੀ ਪੱਤੀਆਂ ਅਤੇ ਫਲ ਖਾ ਕੇ ਆਪਣੀ ਭੁੱਖ ਮਿਟਾਉਂਦੇ ਸਨ। ਰੰਗ-ਬਿਰੰਗੇ ਖੰਭਾਂ ਵਾਲੇ ਮੋਰ ਜੰਗਲ ਵਿੱਚ ਬੱਦਲ ਘਿਰ ਆਉਣ ਤੇ ਖੰਭ ਫੈਲਾ ਕੇ ਸੁੰਦਰ ਨਾਚ ਵਿਖਾਉਂਦੇ ਤਾਂ ਜੰਗਲ ਦੇ ਬਾਕੀ ਪਸ਼ੂ-ਪੰਛੀ ਵੀ ਆਪਣੇ ਕਰਤੱਬ ਵਿਖਾਉਣ ਵਿੱਚ ਪਿੱਛੇ ਨਹੀਂ ਰਹਿੰਦੇ ਸਨ। ਕੋਇਲ ਰੁੱਖਾਂ ਦੀਆਂ ਟਹਿਣੀਆਂ ਤੇ ਬੈਠ ਕੇ ਕੂਹ-ਕੂਹ ਦੀ ਮਿੱਠੀ ਆਵਾਜ਼ ਕੱਢਦੀ ਤਾਂ ਹਰੇ ਰੰਗ ਦੇ ਤੋਤੇ ਆਪਣੀ ਲਾਲ ਚੁੰਝ ਤੇ ਨਖਰੇ ਕਰਦੇ ਹੋਏ ਤੇਜ਼ ਆਵਾਜ਼ਾਂ ਕੱਢ ਕੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿਚਦੇ ਸਨ।


ਸੁੰਦਰਵਨ ਦੇ ਜੰਗਲ ਵਿੱਚ ਬਾਂਦਰਾਂ ਦਾ ਬਹੁਤ ਵੱਡਾ ਸਮੂਹ ਆਪਣੀ ਵੱਖਰੀ ਮਸਤੀ ਵਿੱਚ ਰਹਿੰਦਾ ਸੀ ਅਤੇ ਇਸ ਟਹਿਣੀ ਤੋਂ ਉਸ ਟਹਿਣੀ ਤੇ ਛਾਲ ਮਾਰ ਕੇ ਸਾਰਿਆਂ ਨੂੰ ਹੈਰਾਨ ਕਰਨ ਦਾ ਯਤਨ ਕਰਦਾ ਸੀ। ਬਾਂਦਰ ਕਦੇ ਇੱਕ-ਦੂਸਰੇ ਦੇ ਸਿਰ ਵਿਚੋਂ ਜੂੰਆਂ ਕੱਢਦੇ ਤਾਂ ਕਦੇ ਆਪਣੇ ਛੋਟੇ ਬੱਚਿਆਂ ਨੂੰ ਢਿੱਡ ਨਾਲ ਚਿਪਕਾ ਕੇ ਉਚੇ-ਉਚੇ ਰੁੱਖਾਂ ਤੇ ਤੇਜ਼ੀ ਨਾਲ ਚੜ੍ਹਦੇ-ਉਤਰਦੇ ਨਜ਼ਰ ਆਉਂਦੇ ਸਨ।

ਇੱਕ ਸਵੇਰ ਬਾਂਦਰਾਂ ਦੀ ਉਛਲ-ਕੁਦ ਇਸੇ ਤਰ੍ਹਾਂ ਚਲ ਰਹੀ ਸੀ। ਭਾਲੂ, ਸ਼ੇਰ, ਹਾਥੀ, ਊਠ, ਗਧੇ ਅਤੇ ਉਲੂ ਉਹਨਾਂ ਦੇ ਨਾਚ ਦਾ ਖ਼ੂਬ ਆਨੰਦ ਲੈ ਰਹੇ ਸਨ। ਉਹ ਬਾਂਦਰਾਂ ਨੂੰ ਕਲਾਬਾਜੀਆਂ ਪਾਉਂਦੇ ਵੇਖ ਕੇ ਵਾਹ-ਵਾਹ ਕਰ ਉਠਦੇ ਸਨ। ਕੇਵਲ ਗਬਰੂ ਊਠ ਹੀ ਵਾਹ-ਵਾਹ ਨਹੀਂ ਕਰ ਰਿਹਾ ਸੀ। ਜਦ ਨੀਲੂ ਮੋਰ ਨੇ ਉਸ ਤੋਂ ਪੁੱਛਿਆ ਕਿ ਕੀ ਗੱਲ ਹੈ ਗਬਰੂ ਅੰਕਲ ਆਪ ਚੁਪਚਾਪ ਬੈਠੇ ਹੋ। ਆਪ ਖੁਸ਼ੀ ਨਹੀਂ ਪ੍ਰਗਟ ਕਰ ਰਹੇ ਹੋ।

ਊਠ ਸਾੜੇ ਨਾਲ ਭਰਿਆ ਹੋਇਆ ਸੀ। ਗੱਲ ਫੁਲਾ ਕੇ ਅੱਖਾਂ ਮਟਕਾਉਂਦਾ ਹੋਇਆ ਬੋਲਿਆ- ਅਜਿਹਾ ਨੱਚਣਾ ਕੋਈ ਨੱਚਣਾ ਹੁੰਦਾ ਹੈ। ਅਜਿਹਾ ਨਾਚ ਤਾਂ ਕੋਈ ਵੀ ਕਰ ਸਕਦਾ ਹੈ। ਇਸ ਵਿੱਚ ਭਲਾ ਵਾਹ-ਵਾਹ ਕਰਨ ਦੀ ਕੀ ਲੋੜ ਹੈ। ਮੋਰ ਅਤੇ ਊਠ ਆਪਸ ਵਿੱਚ ਇਹ ਗੱਲਬਾਤ ਕਰ ਹੀ ਰਹੇ ਸਨ ਕਿ ਵਿੱਚ ਟੰਗ ਅੜਾਉਣ ਵਿੱਚ ਮਾਹਿਰ ਦੀਨੂ



ਭਾਲੂ ਨੇ ਕਿਹਾ - ਗਬਰੂ ਅੰਕਲ, ਜੇਕਰ ਤੁਹਾਨੂੰ ਇਹ ਨਾਚ ਐਨਾ ਹੀ ਆਸਾਨ ਲੱਗ ਰਿਹਾ ਹੈ ਤਾਂ ਕਿਉਂ ਨਹੀਂ ਆਪ ਖੁਦ ਨੱਚ ਕੇ ਵਿਖਾ ਦਿੰਦੇ। ਇਸ ਨਾਲ ਅਸੀਂ ਆਪ ਦਾ ਸੁੰਦਰ ਨਾਚ ਵੀ ਵੇਖ ਲਵਾਂਗੇ ਅਤੇ ਨੀਲੂ ਮੋਰ ਦਾ ਭਰਮ ਵੀ ਖਤਮ ਹੋ ਜਾਏਗਾ।



ਐਨਾ ਸੁਣਨਾ ਸੀ ਕਿ ਊਠ ਨੂੰ ਜੋਸ਼ ਆ ਗਿਆ। ਉਸ ਨੇ ਵੀ ਬਾਂਦਰ ਵਰਗੀ ਗੁਲਾਟੀ ਲਗਾ ਕੇ ਯਤਨ ਕਰਦੇ ਹੋਏ ਕਮਾਲ ਦਾ ਨਾਚ ਵਿਖਾਉਣ ਦੀ ਤਿਆਰੀ ਕਰ ਲਈ। ਹਾਂ, ਹਾਂ ਮੈਂ ਕਿਉਂ ਨਹੀਂ ਕਰ ਸਕਦਾ। ਇੰਝ ਕਹਿ ਕੇ ਊਠ ਨੇ ਨੱਚਣਾ ਸ਼ੁਰੂ ਕੀਤਾ ਲੇਕਿਨ ਊਠ ਦਾ ਸਰੀਰ ਇੱਕ ਤਾਂ ਭਾਰੀ ਸੀ ਦੂਸਰਾ ਉਸ ਦੇ ਹੱਥ ਪੈਰਾਂ ਵਿੱਚ ਬਾਂਦਰ ਵਰਗੀ ਲਚਕ ਨਹੀਂ ਸੀ, ਇਸ ਲਈ ਊਠ ਦਾ ਇਹ ਯਤਨ ਬਹੁਤ ਬੇਢੰਗਾ ਲੱਗਿਆ ਫਿਰ ਵੀ ਆਪਣੀ ਸ਼ਾਨ ਵਿੱਚ ਨੱਚਣ ਵਿੱਚ ਲੱਗਾ ਹੀ ਰਿਹਾ। ਊਠ ਦਾ ਇਸ ਤਰ੍ਹਾਂ ਦਾ ਊਟ-ਪਟਾਂਗ ਨਾਚ ਵੇਖ ਕੇ ਸਾਰਿਆਂ ਨੂੰ ਹਾਸਾ ਆ ਗਿਆ। ਲੇਕਿਨ ਉਹਨਾਂ ਨੂੰ ਉਸ ਦੇ ਬੇਢੰਗੇ ਨਾਚ ਤੇ ਰੋਣਾ ਵੀ ਆ ਰਿਹਾ ਸੀ। ਤਦੇ ਸ਼ੇਰ ਬੋਲਿਆ - ਬੰਦ ਕਰੋ ਇਹ ਬਿਨਾ ਸੁਰ-ਤਾਲ ਦਾ ਨਾਚ, ਅਜਿਹਾ ਨਾਚ ਤਾਂ ਮੈਂ ਜੀਵਨ ਵਿੱਚ ਕਦੇ ਨਹੀਂ ਵੇਖਿਆ ਸੀ। ਤਦੇ ਗੈਂਡੇ ਦੀ ਆਵਾਜ਼ ਆਈ ਇਸ ਤੋਂ ਚੰਗਾ ਨਾਚ ਤਾਂ ਮੈਂ ਕਰ ਲੈਂਦਾ ਹਾਂ ਅਤੇ ਐਨਾ ਕਹਿ ਕੇ ਗੈਂਡਾ ਵੀ ਆਪਣੇ ਭਾਰੀ ਭਰਕਮ ਵਜਨ ਨਾਲ ਹਿਲਣ-ਡੁਲਣ ਲੱਗਾ।

ਜੰਗਲ ਦੇ ਪਸ਼ੂ-ਪੰਛੀ ਜੋ ਬਾਂਦਰ ਦੇ ਨਾਚ ਤੇ ਖੁਸ਼ ਹੋ ਰਹੇ ਸਨ ਊਠ ਅਤੇ ਗੈਂਡੇ ਦੇ ਬੇਢੰਗੇ ਨਾਚ ਤੇ 'ਸ਼ੇਮ-ਸ਼ੇਮ' ਕਹਿ ਕੇ ਉਸ ਨੂੰ ਤੁਰੰਤ ਬੰਦ ਕਰਨ ਤੇ ਜ਼ੋਰ ਦੇਣ ਲੱਗੇ। ਤਦੇ ਚਿੰਪਾਜੀ ਬੋਲਿਆ-

ਜਿਸ ਕਾ ਕਾਮ ਉਸੀ ਕੋ ਸਾਜੇ,
ਔਰ ਕਰੇ ਤਾਂ ਡੰਡਾ ਬਾਜੇ।

ਪਿਆਰੇ ਬੱਚਿਉ, ਜੰਗਲ ਦੀ ਇਸ ਕਹਾਣੀ ਤੋਂ ਸਾਨੂੰ ਇਹੀ ਸਿਖਿਆ ਮਿਲਦੀ ਹੈ ਕਿ ਹਰ ਕਿਸੇ ਦੇ ਸਰੀਰ ਦੀ ਰਚਨਾ ਅਤੇ ਉਸ ਦਾ ਬੌਧਿਕ ਕੌਸ਼ਿਲ ਵੱਖ-ਵੱਖ ਹੁੰਦਾ ਹੈ। ਜੇਕਰ ਗਧਾ ਜ਼ਿਆਦਾ ਵਜਨ ਉਠਾ ਸਕਦਾ ਹੈ ਤਾਂ ਘੋੜਾ ਤੇਜ਼ ਦੌੜ ਲਗਾ ਸਕਦਾ ਹੈ। ਜੇਕਰ ਮੋਰ ਸੁੰਦਰ ਨਾਚ ਵਿਖਾ ਸਕਦਾ ਹੈ ਤਾਂ ਕੋਇਲ ਮਿੱਠੇ ਸੁਰ ਵਿੱਚ ਗਾ ਸਕਦੀ ਹੈ। ਜੇਕਰ ਹਾਥੀ ਆਪਣੀ ਸੁੰਡ ਨਾਲ ਰੁੱਖ ਦੇ ਬੜੇ ਲੱਠਿਆਂ ਨੂੰ ਉਠਾ ਕੇ ਦੂਰ ਲੈ ਜਾ ਸਕਦਾ ਹੈ ਤਾਂ ਚਿੰਪਾਜੀ ਉਚੇ ਰੁੱਖਾਂ ਤੇ ਹੈਰਾਨ ਕਰਨ ਵਾਲੀਆਂ ਕਲਾਬਾਜੀਆਂ ਕਰ ਸਕਦਾ ਹੈ। ਜਿਸ ਨੂੰ ਜੋ ਕੰਮ ਚੰਗੀ ਤਰ੍ਹਾਂ ਕਰਨਾ ਆਉਂਦਾ ਹੈ ਉਸ ਨੂੰ ਉਸ ਵਿੱਚ ਮਾਹਿਰਤਾ ਹਾਸਿਲ ਕਰਨੀ ਚਾਹੀਦੀ ਹੈ ਨਹੀਂ ਤਾਂ ਸਮਾਂ ਵੀ ਵਿਅਰਥ ਜਾਂਦਾ ਹੈ ਅਤੇ ਉਹ ਮਖੌਲ ਦਾ ਪਾਤਰ ਵੀ ਬਣਦਾ ਹੈ। ■

ਬਾਲ ਕਹਾਣੀ: ਗੋਵਿੰਦ ਸਾਂਵਲ

ਬਾਲ ਕਵਿਤਾ- ਪ੍ਰਭਜੋਤ ਕੌਰ


# ਰਚਨਾ ਸਭ ਤੇਰੀ ਭਗਵਾਨ

*ਉਚੇ ਪਰਬਤ ਨਦੀਆਂ ਘਾਟੀ,*
*ਦੂਰ ਤਕ ਫੈਲੇ ਮੈਦਾਨ।*
*ਝਰਨੇ ਝੀਲਾਂ ਸਾਗਰ ਲਹਿਰਾਂ,*
*ਰਚਨਾ ਸਭ ਤੇਰੀ ਭਗਵਾਨ।*

*ਜੰਗਲ ਬਾਗ ਫੁੱਲ ਅਤੇ ਕਲੀਆਂ,*
*ਗੁਣਗਣਾਉਂਦੇ ਭੌਰੇ ਗਾਨ।*
*ਮਿੱਠੇ ਪੰਛੀਆਂ ਦੇ ਸੁਰ,*
*ਰਚਨਾ ਸਭ ਤੇਰੀ ਭਗਵਾਨ।*

*ਸੂਰਜ ਚੰਨ ਤਾਰੇ ਜੁਗਨੂੰ,*
*ਦਿਨ-ਰਾਤ ਸਵੇਰੇ ਸ਼ਾਮ।*
*ਪਵਨ ਘਟਾਵਾਂ, ਰੁੱਤਾਂ,*
*ਰਚਨਾ ਤੇਰੀ ਸਭ ਭਗਵਾਨ।*

*ਬਹੁ ਭਾਂਤ ਦੇ ਜੀਵ ਅਨੋਖੇ,*
*ਜੀਵਨ ਦੇ ਮੌਜੂਦ ਸਮਾਨ।*
*ਸੁਖ-ਦੁਖ ਜਨਮ ਮੌਤ,*
*ਰਚਨਾ ਸਭ ਤੇਰੀ ਭਗਵਾਨ।*





# ਕੀ ਤੁਸੀਂ ਜਾਣਦੇ ਹੋ

- ਅਲਬੈਟ੍ਰਾਸ ਬਿਨਾ ਆਪਣੇ ਖੰਭ ਫੜਫੜਾਏ ਹਵਾ ਵਿੱਚ 6 ਦਿਨ ਤਕ ਲਗਾਤਾਰ ਉਡਦਾ ਰਹਿ ਸਕਦਾ ਹੈ। ਮਜੇ ਦੀ ਗੱਲ ਇਹ ਵੀ ਹੈ ਕਿ ਉਡਦੇ-ਉਡਦੇ ਹੀ ਝਪਕੀਆਂ ਵੀ ਲੈ ਸਕਦਾ ਹੈ।
- ਜ਼ਿਰਾਫ ਰੋਜ਼ਾਨਾਂ ਅੱਧੇ-ਘੰਟੇ ਦੀ ਨੀਂਦ ਲੈਂਦੇ ਹਨ।
- ਕਾਕਰੋਚ ਸਿਰ ਕੱਟਣ ਦੇ ਬਾਦ ਵੀ ਨੌ ਦਿਨਾਂ ਤਕ ਜ਼ਿੰਦਾ ਰਹਿ ਸਕਦਾ ਹੈ।
- ਤਿਤਲੀ ਆਪਣੇ ਪੈਰਾਂ ਨਾਲ ਸਵਾਦ ਚੱਖਦੀ ਹੈ।
- ਜਦ ਵੀ ਚੰਨ ਸਾਡੇ ਸਿਰ ਤੇ ਹੁੰਦਾ ਹੈ। ਉਸ ਸਮੇਂ ਸਾਡਾ ਵਜਨ ਕੁਝ ਘੱਟ ਹੋ ਜਾਂਦਾ ਹੈ।
- ਜਦ ਗੇਂਡੇ ਉਦਾਸ ਹੁੰਦੇ ਹਨ ਤਾਂ ਉਹਨਾਂ ਦੇ ਪਸੀਨੇ ਦਾ ਰੰਗ ਲਾਲ ਹੋ ਜਾਂਦਾ ਹੈ।
- ਮੱਛਰਾਂ ਦੇ 47 ਦੰਦ ਹੁੰਦੇ ਹਨ।
- ਚਿੰਪਾਂਜੀ 300 ਕਿਸਮ ਦੇ ਇਸ਼ਾਰੇ ਸਮਝ ਲੈਂਦਾ ਹੈ।
- ਦੁਨੀਆ ਦਾ ਸਭ ਤੋਂ ਛੋਟਾ ਯੁੱਧ ਇੰਗਲੈਂਡ ਅਤੇ ਜਾਂਜੀਬਾਰ ਦੇ ਵਿੱਚ ਸਾਲ 1896 ਦਾ ਸੀ ਜਿਸ ਵਿੱਚ ਜਾਂਜੀਬਾਰ ਨੇ 38 ਮਿੰਟ ਵਿੱਚ ਸਮਰਪਣ ਕਰ ਦਿੱਤਾ ਸੀ।
- ਚਾਰ ਦਿਨ ਦਾ ਹਫ਼ਤਾ ਤਿੱਬਤ ਵਿੱਚ ਮਨਾਇਆ ਜਾਂਦਾ ਹੈ।
- ਚੂਹੇ ਬਿਨਾ ਪਾਣੀ ਪੀਤੇ ਊਠ ਤੋਂ ਜ਼ਿਆਦਾ ਸਮੇਂ ਤੱਕ ਜੀਵਿਤ ਰਹਿ ਸਕਦੇ ਹਨ।
- ਇਕ ਬਾਲਗ ਮਾਨਵ ਦੀ ਪੱਟ ਦੀ ਹੱਡੀ ਕੰਕਰੀਟ ਤੋਂ ਜ਼ਿਆਦਾ ਮਜ਼ਬੂਤ ਹੁੰਦੀ ਹੈ।
- ਦੁਨੀਆ ਦੀ ਸਭ ਤੋਂ ਗਹਿਰੀ ਖਦਾਨ ਈਸਟ ਰੈਂਡ ਮਾਇਨ ਹੈ। ਜਿਸ ਦੀ ਗਹਿਰਾਈ 3585 ਮੀਟਰ ਹੈ।
- ਫਰਵਰੀ 1865 ਅਤੇ ਫਰਵਰੀ 1999 ਇਤਿਹਾਸ ਵਿੱਚ ਦਰਜ ਦੋ ਹੀ ਅਜਿਹੇ ਮਹੀਨੇ ਰਹੇ ਹਨ ਜਦ ਪੂਰਣ ਚੰਨ ਦਿਖਾਈ ਨਹੀਂ ਦਿਤਾ ਸੀ।
- ਆਪ ਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਟੇਲੀਫੋਨ ਦੀ ਕਾਢ ਕੱਢਣ ਵਾਲੇ ਇਲੇਕਜੈਂਡਰ ਗ੍ਰਾਹਮਬੇਲ ਕਦੇ ਆਪਣੀ ਮਾਂ ਅਤੇ ਪਤਨੀ ਨਾਲ ਫੋਨ ਤੇ ਗੱਲ ਨਹੀਂ ਕਰ ਸਕੇ ਕਿਉਂਕਿ ਉਹ ਦੋਵੇਂ ਸੁਣ ਨਹੀਂ ਸਕਦੀਆਂ ਸਨ।

ਸੰਗ੍ਰਿਹਕਰਤਾ- ਵਿਭਾ ਵਰਮਾ



# ਦ੍ਰਿੜ ਇੱਛਾ ਸ਼ਕਤੀ ਦੀ ਜਿੱਤ

ਜਾਪਾਨ ਦੇ ਛੋਟੇ ਜਿਹੇ ਕਸਬੇ ਵਿੱਚ ਰਹਿਣ ਵਾਲੇ ਦੱਸ ਸਾਲਾ ਓਕਾਉ ਨੂੰ ਜੂਡੋ ਖੇਡਣ ਦਾ ਬਹੁਤ ਸ਼ੌਕ ਸੀ, ਪਰ ਬਚਪਨ ਵਿੱਚ ਹੋਈ ਇੱਕ ਦੁਰਘਟਨਾ ਵਿੱਚ ਖੱਬਾ ਹੱਥ ਕੱਟ ਜਾਣ ਦੇ ਕਾਰਣ ਉਸ ਦੇ ਮਾਤਾ-ਪਿਤਾ ਉਸ ਨੂੰ ਜੂਡੋ ਸਿੱਖਣ ਦੀ ਆਗਿਆ ਨਹੀਂ ਦਿੰਦੇ ਸਨ। ਹੁਣ ਉਹ ਵੱਡਾ ਹੋ ਰਿਹਾ ਸੀ ਅਤੇ ਉਸ ਦੀ ਜ਼ਿੱਦ ਵੀ ਵਧਦੀ ਜਾ ਰਹੀ ਸੀ। ਇਸ ਲਈ ਮਾਤਾ-ਪਿਤਾ ਨੂੰ ਹੀ ਝੁਕਣਾ ਪਿਆ ਅਤੇ ਉਹ ਓਕਾਉ ਨੂੰ ਨੇੜਲੇ ਸ਼ਹਿਰ ਦੇ ਇੱਕ ਮਸ਼ਹੂਰ ਮਾਰਸ਼ਲ ਆਰਟਸ ਗੁਰੂ ਦੇ ਕੋਲ ਦਾਖਿਲਾ ਦਿਲਵਾਉਣ ਲਈ ਲੈ ਗਏ। ਗੁਰੂ ਨੇ ਜਦ ਓਕਾਉ ਨੂੰ ਵੇਖਿਆ ਤਾਂ ਹੈਰਾਨ ਹੋਏ ਕਿ ਬਿਨਾਂ ਖੱਬੇ ਹੱਥ ਦਾ ਇਹ ਲੜਕਾ ਭਲਾ ਜੂਡੋ ਕਿਉਂ ਸਿੱਖਣਾ ਚਾਹੁੰਦਾ ਹੈ? ਉਹਨਾਂ ਨੇ ਪੁੱਛਿਆ, ''ਤੇਰਾ ਤਾਂ ਖੱਬਾ ਹੱਥ ਹੀ ਨਹੀਂ ਹੈ ਤਾਂ ਭਲਾ ਤੂੰ ਦੂਸਰੇ ਲੜਕਿਆਂ ਦਾ ਮੁਕਾਬਲਾ ਕਿਵੇਂ ਕਰੇਗਾ?

''ਇਹ ਦੱਸਣਾ ਤਾਂ ਆਪ ਦਾ ਕੰਮ ਹੈ'', ਓਕਾਉ ਨੇ ਅੱਗੇ ਕਿਹਾ, ''ਮੈਂ ਤਾਂ ਬਸ ਐਨਾ ਜਾਣਦਾ ਹਾਂ ਕਿ ਮੈਂ ਸਾਰਿਆਂ ਨੂੰ ਹਰਾਉਣਾ ਹੈ ਅਤੇ ਇੱਕ ਦਿਨ ਖੁਦ ''ਸੇਂਸਈ (ਮਾਸਟਰ) ਬਣਨਾ ਹੈ।''

ਗੁਰੂ ਉਸ ਦੀ ਸਿੱਖਣ ਦੀ ਇੱਛਾ ਸ਼ਕਤੀ ਤੋਂ ਕਾਫੀ ਪ੍ਰਭਾਵਿਤ ਹੋਏ ਅਤੇ ਬੋਲੇ, ''ਠੀਕ ਹੈ ਮੈਂ ਤੈਨੂੰ ਸਿਖਾਊਂਗਾ, ਲੇਕਿਨ ਇੱਕ ਸ਼ਰਤ ਹੈ, ਤੂੰ ਮੇਰੇ ਨਿਰਦੇਸ਼ ਦਾ ਪਾਲਣ ਕਰੇਗਾ ਅਤੇ ਦ੍ਰਿੜ ਵਿਸ਼ਵਾਸ ਰੱਖੇਗਾ।''

ਓਕਾਉ ਨੇ ਸਹਿਮਤੀ ਵਿੱਚ ਗੁਰੂ ਦੇ ਸਾਹਮਣੇ ਆਪਣਾ ਸਿਰ ਝੁਕਾ ਦਿੱਤਾ।

ਗੁਰੂ ਨੇ ਇੱਕਠੇ ਲਗਭਗ ਪੰਜਾਹ ਵਿਦਿਆਰਥੀਆਂ ਨੂੰ ਜੂਡੋ ਸਿਖਾਉਣਾ ਸ਼ੁਰੂ ਕੀਤਾ। ਓਕਾਉ ਵੀ ਬਾਕੀ ਲੜਕਿਆਂ ਦੀ ਤਰ੍ਹਾਂ ਸਿਖ ਰਿਹਾ ਸੀ ਪਰ ਕੁੱਝ ਦਿਨਾਂ ਬਾਦ ਉਸ ਨੇ ਧਿਆਨ ਦਿੱਤਾ ਕਿ ਗੁਰੂ ਜੀ ਬਾਕੀ ਲੜਕਿਆਂ ਨੂੰ ਵੱਖਰੇ ਦਾਅ-ਪੇਚ ਸਿਖਾ ਰਹੇ ਹਨ ਲੇਕਿਨ ਉਹ ਅਜੇ ਵੀ ਉਸੇ ਇੱਕ ਕਿਕ ਦਾ ਅਭਿਆਸ ਕਰ ਰਿਹਾ ਹੈ ਜੋ ਉਸ ਨੇ ਸ਼ੁਰੂ ਵਿੱਚ ਸਿੱਖੀ ਸੀ। ਉਸ ਤੋਂ ਰਿਹਾ ਨਹੀਂ ਗਿਆ ਅਤੇ ਉਸ ਨੇ ਗੁਰੂ ਤੋਂ ਪੁੱਛਿਆ – ''ਗੁਰੂ ਜੀ ਆਪ ਬਾਕੀ ਲੜਕਿਆਂ ਨੂੰ ਨਵੀਆਂ-ਨਵੀਆਂ ਚੀਜ਼ਾਂ ਸਿਖਾ ਰਹੇ ਹੋ ਪਰ ਮੈਂ ਅਜੇ ਵੀ ਬਸ ਉਹੀ ਕਿਕ ਮਾਰਨ ਦਾ ਅਭਿਆਸ ਕਰ ਰਿਹਾ ਹਾਂ, ਕੀ ਮੈਨੂੰ ਹੋਰ ਚੀਜ਼ਾਂ ਨਹੀਂ ਸਿਖਣੀਆਂ ਚਾਹੀਦੀਆਂ?''

ਗੁਰੂ ਜੀ ਬੋਲੇ, ''ਤੈਨੂੰ ਬਸ ਇਸੇ ਕਿਕ ਤੇ ਮਹਾਰਤ ਹਾਸਿਲ ਕਰਨ ਦੀ ਲੋੜ ਹੈ।'' ਅਤੇ ਉਹ ਅੱਗੇ ਵਧ ਗਏ। ਓਕਾਉ ਨੂੰ ਹੈਰਾਨੀ ਹੋਈ ਪਰ ਉਸ ਨੂੰ ਆਪਣੇ ਗੁਰੂ ਤੇ ਪੂਰਣ ਵਿਸ਼ਵਾਸ ਸੀ ਅਤੇ ਉਹ ਫਿਰ ਅਭਿਆਸ ਵਿੱਚ ਜੁੱਟ ਗਿਆ।

ਸਮਾਂ ਬੀਤਦਾ ਗਿਆ ਅਤੇ ਵੇਖਦੇ ਹੀ ਵੇਖਦੇ ਦੋ ਸਾਲ ਗੁਜਰ ਗਏ ਪਰ ਓਕਾਉ ਉਸੇ ਇੱਕ ਕਿਕ ਦਾ ਅਭਿਆਸ ਕਰ ਰਿਹਾ ਸੀ। ਇੱਕ ਵਾਰ ਫਿਰ ਓਕਾਉ ਨੂੰ ਚਿੰਤਾ ਹੋਣ ਲੱਗੀ ਅਤੇ ਉਸ ਨੇ ਗੁਰੂ ਨੂੰ ਕਿਹਾ– ''ਕੀ ਹਾਂਲਾ ਵੀ ਮੈਂ ਇਹੀ ਕਰਦਾ ਰਹਾਂਗਾ ਅਤੇ ਬਾਕੀ ਸਾਰੇ ਨਵੀਆਂ ਤਕਨੀਕਾਂ ਵਿੱਚ ਮਾਹਿਰ ਹੁੰਦੇ ਰਹਿਣਗੇ।

ਗੁਰੂ ਜੀ ਬੋਲੇ, ''ਤੈਨੂੰ ਮੇਰੇ ਤੇ ਯਕੀਨ ਹੈ ਤਾਂ ਅਭਿਆਸ ਜਾਰੀ ਰੱਖੋ।''

ਓਕਾਉ ਨੇ ਗੁਰੂ ਦੀ ਆਗਿਆ ਦਾ ਪਾਲਣ ਕਰਦੇ ਹੋਏ ਬਿਨਾ ਕੋਈ ਸਵਾਲ ਪੁੱਛੇ ਅਗਲੇ 6 ਸਾਲ ਤਕ ਉਸੇ ਇੱਕ ਕਿਕ ਦਾ ਅਭਿਆਸ ਜਾਰੀ ਰੱਖਿਆ।

ਸਾਰਿਆਂ ਨੂੰ ਜੂਡੋ ਸਿਖਦੇ ਅੱਠ ਸਾਲ ਹੋ ਚੁੱਕੇ ਸਨ। ਇੱਕ ਦਿਨ ਗੁਰੂ ਜੀ ਨੇ ਸਾਰੇ ਚੇਲਿਆਂ ਨੂੰ ਬੁਲਾਇਆ ਅਤੇ ਬੋਲੇ, ''ਮੈਂ ਤੁਹਾਨੂੰ ਜੋ ਗਿਆਨ ਦੇਣਾ ਸੀ ਉਹ ਮੈਂ ਦੇ ਚੁੱਕਾ ਹਾਂ ਅਤੇ ਹੁਣ ਗੁਰੂਕੁਲ ਦੀ ਪਰੰਪਰਾ ਦੇ ਅਨੁਸਾਰ

ਸਭ ਤੋਂ ਚੰਗੇ ਚੇਲੇ ਦੀ ਚੋਣ ਇੱਕ ਮੁਕਾਬਲੇ ਰਾਹੀਂ ਕੀਤੀ ਜਾਏਗੀ ਅਤੇ ਇਸ ਵਿੱਚ ਜੇਤੂ ਹੋਣ ਵਾਲੇ ਚੇਲੇ ਨੂੰ ''ਸੇਂਸੇਈ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਜਾਏਗਾ।''

ਮੁਕਾਬਲਾ ਸ਼ੁਰੂ ਹੋਇਆ। ਓਕਾਉ ਨੇ ਲੜਨਾ ਸ਼ੁਰੂ ਕੀਤਾ ਅਤੇ ਉਸ ਨੇ ਆਪਣੇ ਪਹਿਲੇ ਦੋ ਮੈਚ ਆਸਾਨੀ ਨਾਲ ਜਿੱਤ ਲਏ। ਤੀਸਰਾ ਮੈਚ ਥੋੜਾ ਮੁਸ਼ਕਿਲ ਸੀ, ਲੇਕਿਨ ਕੁੱਝ ਸੰਘਰਸ਼ ਦੇ ਬਾਦ ਵਿਰੋਧੀ ਨੇ ਕੁਝ ਪਲਾਂ ਲਈ ਆਪਣਾ ਧਿਆਨ ਉਸ ਤੋਂ ਹਟਾ ਦਿੱਤਾ। ਓਕਾਉ ਨੂੰ ਇਸੇ ਮੌਕੇ ਦੀ ਭਾਲ ਸੀ, ਉਸ ਨੇ ਆਪਣੀ ਅਚੂਕ ਕਿਕ ਵਿਰੋਧੀ ਦੇ ਉਪਰ ਮਾਰੀ ਅਤੇ ਮੈਚ ਆਪਣੇ ਨਾਮ ਕਰ ਲਿਆ।

ਆਪਣੀ ਸਫਲਤਾ ਦੀ ਹੈਰਾਨੀ ਵਿੱਚ ਪਏ ਓਕਾਉ ਨੇ ਫਾਈਨਲ ਵਿੱਚ ਆਪਣੀ ਜਗ੍ਹਾ ਬਣਾ ਲਈ।

ਇਸ ਵਾਰ ਵਿਰੋਧੀ ਕਿਤੇ ਜ਼ਿਆਦਾ ਤਾਕਤਵਰ, ਅਨੁਭਵੀ ਅਤੇ ਵਿਸ਼ਾਲ ਸੀ। ਵੇਖ ਕੇ ਇੰਝ ਲੱਗਦਾ ਸੀ ਕਿ ਓਕਾਉ ਉਸ ਦੇ ਸਾਹਮਣੇ ਇੱਕ ਮਿੰਟ ਵੀ ਟਿਕ ਨਹੀਂ ਸਕੇਗਾ।

ਮੈਚ ਸ਼ੁਰੂ ਹੋਇਆ। ਵਿਰੋਧੀ ਓਕਾਉ ਤੇ ਭਾਰੀ ਪੈ ਰਿਹਾ ਸੀ। ਰੈਫਰੀ ਨੇ ਮੈਚ ਰੋਕ ਕੇ ਵਿਰੋਧੀ ਨੂੰ ਜੇਤੂ ਘੋਸ਼ਿਤ ਕਰਨ ਦਾ ਪ੍ਰਸਤਾਵ ਰੱਖਿਆ, ਲੇਕਿਨ ਤਦੇ ਗੁਰੂ ਜੀ ਨੇ ਉਸ ਨੂੰ ਰੋਕਦੇ ਹੋਏ ਕਿਹਾ, ''ਨਹੀਂ, ਮੈਚ ਪੂਰਾ ਚਲੇਗਾ।'' ਮੈਚ ਫਿਰ ਸ਼ੁਰੂ ਹੋਇਆ।

ਵਿਰੋਧੀ ਆਤਮਵਿਸ਼ਵਾਸ ਨਾਲ ਭਰਿਆ ਹੋਇਆ ਸੀ ਅਤੇ ਹੁਣ ਓਕਾਉ ਨੂੰ ਆਪਣੇ ਤੋਂ ਘੱਟ ਮੰਨ ਰਿਹਾ ਸੀ, ਇਸੇ ਭਰਮ ਵਿੱਚ ਇੱਕ ਭਾਰੀ ਗਲਤੀ ਕਰ ਦਿੱਤੀ। ਉਸ ਨੇ ਆਪਣਾ ਗਾਰਡ ਛੱਡ ਦਿੱਤਾ। ਓਕਾਉ ਨੇ ਇਸ ਦਾ ਫਾਇਦਾ ਉਠਾਉਂਦੇ ਹੋਏ ਅੱਠ ਸਾਲ ਤਕ ਜਿਸ ਕਿਕ ਦੀ ਪ੍ਰੈਕਟਿਸ ਕੀਤੀ ਸੀ ਉਸ ਨੇ ਪੂਰੀ ਤਾਕਤ ਅਤੇ ਸਟੀਕਤਾ ਨਾਲ ਵਿਰੋਧੀ ਦੇ ਉਪਰ ਜੜ ਦਿੱਤੀ ਅਤੇ ਜ਼ਮੀਨ ਤੇ ਡੇਗ ਦਿੱਤਾ। ਉਸ ਕਿਕ ਵਿੱਚ ਐਨੀ ਸ਼ਕਤੀ ਸੀ ਕਿ ਵਿਰੋਧੀ ਉਥੇ ਬੇਹੋਸ਼ ਹੋ ਗਿਆ ਅਤੇ ਓਕਾਉ ਨੂੰ ਜੇਤੂ ਘੋਸ਼ਿਤ ਕਰ ਦਿੱਤਾ।

ਮੈਚ ਜਿੱਤਣ ਦੇ ਬਾਦ ਓਕਾਉ ਨੇ ਗੁਰੂ ਤੋਂ ਪੁੱਛਿਆ, ''ਸੇਂਸੇਈ, ਭਲਾ ਮੈਂ ਇਹ ਮੁਕਾਬਲਾ ਸਿਰਫ ਇੱਕ 'ਮੂਵ' (ਦਾਵ) ਸਿੱਖ ਕੇ ਕਿਵੇਂ ਜਿੱਤ ਲਈ?''

''ਤੂੰ ਦੋ ਵਜ੍ਹਾ ਨਾਲ ਜਿਤਿਆ, ''ਗੁਰੂ ਜੀ ਨੇ ਉਤਰ ਦਿੱਤਾ – ਪਹਿਲੀ, ਤੂੰ ਜੂਡੋ ਦੀ ਇੱਕ ਸਭ ਤੋਂ ਮੁਸ਼ਕਿਲ ਕਿਕ ਤੇ ਆਪਣੀ ਐਨੀ ਮਾਸਟਰੀ ਕਰ ਲਈ ਕਿ ਸ਼ਾਇਦ ਇਸ ਦੁਨੀਆ ਵਿੱਚ ਕੋਈ ਹੋਰ ਇਹ ਕਿਕ ਐਨੀ ਤਾਕਤ ਨਾਲ ਮਾਰ ਸਕੇ, ਅਤੇ ਦੂਸਰਾ ਇਹ ਕਿ ਇਸ ਕਿਕ ਤੋਂ ਬਚਣ ਦਾ ਇੱਕ ਹੀ ਉਪਾਅ ਹੈ ਅਤੇ ਉਹ ਹੈ ਵਿਰੋਧੀ ਦੇ ਖੱਬੇ ਹੱਥ ਨੂੰ ਫੜ ਕੇ ਉਸ ਨੂੰ ਜ਼ਮੀਨ ਤੇ ਡੇਗਣਾ।'' ਓਕਾਉ ਸਮਝ ਚੁੱਕਾ ਸੀ ਕਿ ਅੱਜ ਉਸ ਦੀ ਸਭ ਤੋਂ ਬੜੀ ਕਮਜ਼ੋਰੀ ਹੀ ਉਸ ਦੀ ਸਭ ਤੋਂ ਵੱਡੀ ਤਾਕਤ ਬਣ ਚੁੱਕੀ ਸੀ।

ਪਿਆਰੇ ਬੱਚਿਉ! ਮਾਨਵ ਹੋਣ ਦਾ ਮਤਲਬ ਹੀ ਹੈ ਅਪੂਰਣ ਹੋਣਾ, ਅਪੂਰਣਤਾ ਆਪਣੇ ਆਪ ਵਿੱਚ ਬੁਰੀ ਨਹੀਂ ਹੁੰਦੀ, ਬੁਰਾ ਹੁੰਦਾ ਹੈ ਸਾਡਾ ਵਿਵਹਾਰ ਕਰਨ ਦਾ ਤਰੀਕਾ। ਜੇਕਰ ਓਕਾਉ ਚਾਹੁੰਦਾ ਤਾਂ ਆਪਣੇ ਖੱਬੇ ਹੱਥ ਦੇ ਨਾ ਹੋਣ ਦਾ ਰੋਣਾ ਰੋ ਕੇ ਇੱਕ ਅਪਾਹਿਜ ਦੀ ਤਰ੍ਹਾਂ ਜੀਵਨ ਗੁਜਾਰ ਸਕਦਾ ਸੀ ਲੇਕਿਨ ਉਸ ਨੇ ਇਸ ਵਜ੍ਹਾ ਨਾਲ ਕਦੇ ਖੁਦ ਨੂੰ ਹੀਣ ਨਹੀਂ ਮਹਿਸੂਸ ਹੋਣ ਦਿੱਤਾ। ਉਸ ਵਿੱਚ ਆਪਣੇ ਸੁਪਨੇ ਨੂੰ ਸਾਕਾਰ ਕਰਨ ਦੀ ਦ੍ਰਿੜ ਇੱਛਾ ਸੀ ਅਤੇ ਯਕੀਨ ਜਾਣੋ ਜਿਸ ਦੇ ਅੰਦਰ ਇਹ ਇੱਛਾ ਹੁੰਦੀ ਹੈ, ਭਗਵਾਨ ਉਸ ਦੀ ਮਦਦ ਲਈ ਕੋਈ ਨਾ ਕੋਈ ਗੁਰੂ ਭੇਜ ਦਿੰਦਾ ਹੈ। ਅਜਿਹਾ ਗੁਰੂ ਜੋ ਉਸ ਦੀ ਸਭ ਤੋਂ ਵੱਡੀ ਕਮਜ਼ੋਰੀ ਨੂੰ ਹੀ ਉਸ ਦੀ ਸਭ ਤੋਂ ਵੱਡੀ ਤਾਕਤ ਬਣਾ ਕੇ ਉਸ ਦੇ ਸੁਪਨੇ ਸਾਕਾਰ ਕਰ ਸਕਦਾ ਹੈ। ■

ਪੇਸ਼ਕਸ਼: ਹਰਮਨ ਅਰੋੜਾ

## ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

1) ਏਸ਼ੀਆ
2) ਪਰਸ਼ੀਆ
3) ਅਸਮੀਆ
4) ਅਨੁਸੂਆ
5) ਕਾਲੀਆ
6) ਮੰਗੋਲੀਆ
7) ਕਾਰਨੀਆ
8) ਇੰਡੋਨੇਸ਼ੀਆ
9) ਭਾਨੂ ਅਥੈਈਆ
10) ਆਸਟ੍ਰੇਲੀਆ
11) ਮਹਾਮਾਇਆ
12) ਅਲਬਾਨੀਆ
13) ਨਾਈਜ਼ੀਰੀਆ
14) ਰੁਪਿਆ
15) ਅਯੁਧਿਆ।

# ਜਿਰਾਫ


## ਵਿਚਿੱਤਰ ਰੰਗ-ਰੂਪ ਵਾਲਾ ਪ੍ਰਾਣੀ

ਅਫਰੀਕਾ ਤੇ ਰੇਗਿਸਤਾਨੀ ਖੇਤਰਾਂ ਵਿੱਚ ਵੀ ਤੇਜ਼ ਦੌੜਨ ਵਾਲਾ, ਊਠ ਵਰਗਾ ਸੰਸਾਰ ਦਾ ਸਭ ਤੋਂ ਉਚਾ ਥਣਧਾਰੀ ਪਸ਼ੂ ਪਾਇਆ ਜਾਂਦਾ ਹੈ। ਇਸ ਅਨੋਖੇ ਪਸ਼ੂ ਦਾ ਨਾਮ ਹੈ - ਜਿਰਾਫ। ਕੱਦ ਵਿੱਚ ਇਹ ਹਾਥੀ ਤੋਂ ਲਗਭਗ ਦੋ ਗੁਣਾ ਅਤੇ ਮਨੁੱਖ ਤੋਂ ਲਗਭਗ ਤਿੰਨ ਗੁਣਾ ਹੁੰਦਾ ਹੈ।ਆਮ ਤੌਰ ਤੇ ਇਸ ਦੀ ਉਚਾਈ ਪੰਜ ਤੋਂ ਛੇ ਮੀਟਰ ਤਕ ਰਹਿੰਦੀ ਹੈ।

ਜ਼ਿਰਾਫ ਚਾਰ ਪੈਰਾਂ ਵਾਲਾ ਹੈ। ਇਸ ਦੇ ਸਰੀਰ ਦਾ ਰੰਗ ਹਲਕਾ ਪੀਲਾ-ਭੂਰਾ ਹੁੰਦਾ ਹੈ। ਉਸ ਤੇ ਚੀਤੇ ਦੀ ਖੱਲ ਦੀ ਤਰ੍ਹਾਂ ਗਹਿਰੇ ਜਾਂ ਬਾਦਾਮੀ ਜਾਂ ਮਟਮੈਲੇ ਰੰਗ ਦੀ ਗੋਲ ਜਾਂ ਲੰਮੀ ਚਿੱਤੀਆਂ ਹੁੰਦੀਆਂ ਹਨ ਜਿਹਨਾਂ ਨਾਲ ਇਹ ਖੂਬਸੂਰਤ ਲੱਗਦਾ ਹੈ। ਇਹਨਾਂ ਚਿੱਤੀਆਂ ਦੇ ਕਾਰਣ ਇਹ ਰੁੱਖਾਂ ਵਿੱਚ ਆਸਾਨੀ ਨਾਲ ਪਛਾਣਿਆ ਨਹੀਂ ਜਾ ਸਕਦਾ ਹੈ। ਇਹਨਾਂ ਚਿੱਤੀਆਂ ਦੀ ਵਜ੍ਹਾ ਨਾਲ ਉਹ ਆਮਤੌਰ ਤੇ ਸ਼ਿਕਾਰੀਆਂ ਅਤੇ ਸ਼ੇਰ ਵਰਗੇ ਜਾਨਵਰਾਂ ਤੇ ਸੁਰੱਖਿਅਤ ਰਹਿੰਦਾ ਹੈ।

ਜਿਰਾਫ ਦਾ ਹਰ ਅੰਗ ਅਨੋਖਾ ਹੁੰਦਾ ਹੈ। ਇਸ ਦਾ ਸਰੀਰ ਛੋਟਾ, ਪਰ ਲੱਤਾਂ ਅਤੇ ਗਰਦਨ ਕਾਫੀ ਲੰਮੀਆਂ ਹੁੰਦੀਆਂ ਹਨ। ਜਿਰਾਫ ਦਾ ਸਰੀਰ ਅੱਗੇ ਤੋਂ ਪਿੱਛਲੇ ਪਾਸੇ ਢਾਲੂ ਰਹਿੰਦਾ ਹੈ। ਅਗਲਾ ਹਿੱਸਾ ਕਾਫੀ ਉਚੱਾ ਅਤੇ ਪਿਛਲਾ ਹਿੱਸਾ ਹੇਠਾ ਰਹਿਣ ਦੇ ਕਾਰਣ ਅਗਲੀਆਂ ਲੱਤਾਂ ਨਾਲੋਂ ਪਿਛਲੀਆਂ ਲੱਤਾਂ ਕਾਫੀ ਛੋਟੀਆਂ ਲੱਗਦੀਆਂ ਹਨ। ਹਾਲਾਂਕਿ ਇਸ ਦੀਆਂ ਚਾਰ ਲੱਤਾਂ ਬਰਾਬਰ ਹੁੰਦੀਆਂ ਹਨ। ਉਸ ਤੇ ਕਾਫੀ ਦੂਰ ਤਕ ਵਾਲ ਰਹਿੰਦੇ ਹਨ। ਇਸ ਦੇ ਸਿਰ ਤੇ ਦੋ ਛੋਟੇ ਛੋਟੇ ਸਿੰਗ ਹੁੰਦੇ ਹਨ। ਖੋਪੜੀ ਤੇ ਇੱਕ ਉਭਰੀ ਜਿਹੀ ਹੱਡੀ ਹੁੰਦੀ ਹੈ ਜਿਸ ਨੂੰ ਕੁੱਝ ਲੋਕ ਤੀਸਰਾ ਸਿੰਗ ਵੀ ਕਹਿੰਦੇ ਹਨ।

ਜਿਰਾਫ ਦਾ ਸਿਰ ਛੋਟਾ ਹੁੰਦਾ ਹੈ। ਇਸ ਦੀਆਂ ਅੱਖਾਂ ਛੋਟੀਆਂ ਪਰ ਖੂਬਸੂਰਤ ਹੁੰਦੀਆਂ ਹਨ। ਇਸ ਦੀ ਨਜ਼ਰ ਕਾਫੀ ਤੇਜ਼ ਹੁੰਦੀ ਹੈ। ਇਹਨਾਂ ਵਿਸ਼ੇਸ਼ਤਾਵਾਂ ਨਾਲ ਇਹ ਰੇਤੀਲੇ ਤੂਫ਼ਾਨ ਵਿੱਚ ਆਪਣੀ ਨੱਕ ਬੰਦ ਕਰ ਲੈਂਦਾ ਹੈ ਜਿਸ ਨਾਲ ਉਡਦੀ ਹੋਈ ਰੇਤ ਤੋਂ ਆਪਣਾ ਬਚਾਅ ਕਰ ਪਾਉਣ ਵਿੱਚ ਇਹ ਸਮਰਥ ਹੁੰਦਾ ਹੈ। ਇਸ ਦੇ ਕੰਨ ਨੁਕੀਲੇ ਹੁੰਦੇ ਹਨ। ਇਸ ਦੀ ਪੂਛ ਲਗਭਗ 40 ਤੋਂ 50 ਸੈਂਟੀਮੀਟਰ ਲੰਮੀ ਹੁੰਦੀ ਹੈ। ਉਸ ਤੇ ਵਾਲਾਂ ਦਾ ਗੁੱਛਾ ਜਿਹਾ ਬਣਿਆ ਹੁੰਦਾ ਹੈ। ਇਸ ਦੀ ਜੀਭ ਵਿਲੱਖਣ ਅਤੇ ਕਾਫੀ ਲੰਮੀ ਹੁੰਦੀ ਹੈ, ਲਗਭਗ 40 ਸੈਂਟੀਮੀਟਰ ਦੀ। ਜਿਸ ਨਾਲ ਇਸ ਨੂੰ ਨਰਮ ਅਤੇ ਸਖਤ ਚੀਜ਼ ਨੂੰ ਪਛਾਨਣ ਅਤੇ ਆਪਣਾ ਭੋਜਨ ਖਾਣ ਵਿੱਚ ਅਸਾਨੀ ਰਹਿੰਦੀ ਹੈ।



ਇਹ ਰੁੱਖਾਂ ਪੌਦਿਆਂ ਦੇ ਪੱਤੇ ਅਤੇ ਕੋਪਲਾਂ ਨੂੰ ਜੀਭ ਨਾਲ ਲਪੇਟ ਕੇ ਤੋੜ ਲੈਂਦਾ ਹੈ ਅਤੇ ਬੜੇ ਚਾਅ ਨਾਲ ਖਾਂਦਾ ਹੈ।

ਜਿਰਾਫ ਦਾ ਕੱਦ ਉਚੱਾ ਅਤੇ ਗਰਦਨ ਲੰਮੀ ਹੋਣ ਦੇ ਕਾਰਣ ਇਸ ਨੂੰ ਪਾਣੀ ਪੀਣ ਵਿੱਚ ਕਾਫੀ ਕਠਿਨਾਈ ਹੁੰਦੀ ਹੈ। ਤਦ ਇਹ ਆਪਣੀਆਂ ਟੰਗਾਂ ਕਾਫੀ ਚੌੜਾਈ ਵਿੱਚ ਫੈਲਾ ਕੇ ਪਾਣੀ ਤਕ ਪਹੁੰਚ ਸਕਦਾ ਹੈ। ਇਹ ਸ਼ਾਕਾਹਾਰੀ ਹੁੰਦਾ ਹੈ ਅਤੇ ਸਿਰਫ ਰੁੱਖਾਂ ਦੀਆਂ ਪੱਤੀਆਂ ਆਦਿ ਹੀ ਖਾਂਦਾ ਹੈ। ਹਰੀ ਵਸਤੂਆਂ ਤੋਂ ਇਸ ਦੇ ਸਰੀਰ ਨੂੰ ਕਾਫੀ ਮਾਤਰਾ ਵਿੱਚ ਪਾਣੀ ਮਿਲ ਜਾਂਦਾ ਹੈ ਜਿਸ ਨਾਲ ਇਸ ਨੂੰ ਪਾਣੀ ਦੀ ਪਿਆਸ ਬਹੁਤ ਘੱਟ ਲੱਗਦੀ ਹੈ।

ਨਰ ਜਿਰਾਫ ਦੀ ਉਚਾਈ ਮਾਦਾ ਜਿਰਾਫ ਨਾਲੋਂ ਥੋੜੀ ਜ਼ਿਆਦਾ ਰਹਿੰਦੀ ਹੈ। ਮਾਦਾ 14-15 ਮਹੀਨੇ ਬਾਦ ਬੱਚਾ ਦਿੰਦੀ ਹੈ। ਸ਼ਿਸ਼ੂ ਦਾ ਵਜਨ ਲਗਭਗ 60 ਕਿਲੋਗ੍ਰਾਮ ਅਤੇ ਉਚਾਈ ਲਗਭਗ ਦੋ ਮੀਟਰ ਰਹਿੰਦੀ ਹੈ। ਉਂਞ ਬਾਲਗ ਜਿਰਾਫ ਦਾ ਵਜਨ ਕਰੀਬ ਇੱਕ ਟਨ ਹੁੰਦਾ ਹੈ। ਪੈਦਾ ਹੋਣ ਦੇ ਬਾਦ ਸ਼ਿਸ਼ੂ ਜਿਰਾਫ ਲਗਭਗ ਘੰਟੇ ਬਾਦ ਹੀ ਚੱਲਣ-ਫਿਰਨ ਲਗ ਜਾਂਦਾ ਹੈ। ਜਿਰਾਫ ਦੀ ਔਸਤ ਉਮਰ 25 ਸਾਲ ਹੁੰਦੀ ਹੈ। ਜਿਰਾਫ ਝੁੰਡ ਵਿੱਚ ਰਹਿਣਾ ਪਸੰਦ ਕਰਦੇ ਹਨ। ਛੋਟੇ ਜਿਹੇ ਝੁੰਡ ਵਿੱਚ ਵੀ ਘੱਟ ਤੋਂ ਘੱਟ 8-10 ਜਿਰਾਫ ਅਤੇ ਵੱਡੇ ਝੁੰਡਾਂ ਵਿੱਚ 100 ਤਕ ਜਿਰਾਫ ਹੁੰਦੇ ਹਨ। ਇਸ ਦੀਆਂ ਲੱਤਾਂ ਬਹੁਤ ਮਜ਼ਬੂਤ ਹੁੰਦੀਆਂ ਹਨ। ਇਸ ਦੀਆਂ ਲੱਤਾਂ ਖਾ ਕੇ ਪ੍ਰਾਣੀ ਮਰ ਸਕਦਾ ਹੈ। ਸ਼ੇਰ ਆਦਿ ਜਾਨਵਰਾਂ ਨੂੰ ਲੱਤ ਮਾਰ ਕੇ ਇਹ ਆਪਣੀ ਰੱਖਿਆ ਕਰਦੇ ਹਨ। ਤਦ ਇਹਨਾਂ ਦੀਆਂ ਟੰਗਾਂ ਪਿਸਟਨ ਦੀ ਤਰ੍ਹਾਂ ਤੇਜ਼ ਗਤੀ ਵਿੱਚ ਚਲਦੀਆਂ ਹਨ ਅਤੇ ਸਾਥ ਵਿੱਚ ਧੂੜ ਦਾ ਗੁਬਾਰਾ ਉਡਾਉਂਦੀਆਂ ਹਨ।

ਇਹ ਦੌੜਨ ਵਿੱਚ ਬਹੁਤ ਤੇਜ਼ ਹੈ। ਲਗਭਗ 45 ਤੋਂ 50 ਕਿਲੋਮੀਟਰ ਪ੍ਰਤੀ ਘੰਟਾ ਦੌੜ ਕੇ ਇਹ ਆਪਣਾ ਬਚਾਅ ਕਰ ਲੈਂਦਾ ਹੈ। ■

ਜਾਣਕਾਰੀ ਪੂਰਣ ਲੇਖ: ਜਗਤਾਰ ਚਮਨ

ਕਵਿਤਾ: ਸਤਿ ਨਾਰਾਇਣ

# ਤਾਂ ਕਹਾਵਾਂਗੇ ਮਹਾਨ

ਮੰਨਣਾ ਸਾਰੇ ਵੱਡਿਆਂ ਦਾ ਕਹਿਣਾ,
ਅਤੇ ਕਰਨਾ ਉਹਨਾਂ ਦਾ ਸਨਮਾਨ।
ਕੇਵਲ ਆਪਣਾ ਸਵਾਰਥ ਨਾ ਸਿਧ ਕਰੀਏ,
ਪਰਉਪਕਾਰ ਦਾ ਰੱਖੀਏ ਧਿਆਨ।

ਵੰਡੀਏ ਦਰਦ ਦੀਨ-ਦੁਖੀਆਂ ਦਾ,
ਬਿਖਰੇ ਚਿਹਰੇ ਤੇ ਮੁਸਕਾਨ।
ਨਹੀਂ ਸਤਾਈਏ ਕਦੇ ਕਿਸੇ ਨੂੰ,
ਅਨਪੜ੍ਹ ਨੂੰ ਦਈਏ ਵਿਦਿਆਦਾਨ।

ਕੌੜਾ ਬੱਚਿਉ ਕਦੇ ਨਾ ਬੋਲੋ,
ਪਹਿਲੇ ਸੋਚੋ ਫਿਰ ਮੂੰਹ ਖੋਲੋ।
ਸਮਾਂ ਨਾ ਐਵੇਂ ਵਿਅਰਥ ਗਵਾਉ,
ਕਰਮਵੀਰ ਦੇ ਪਿੱਛੇ ਹੋ ਲਉ।

ਕਰੋ ਨਾ ਨੇਕੀ ਦਾ ਹੰਕਾਰ,
ਗੁੰਮਰਾਹਾਂ ਨੂੰ ਰਾਹ ਵਿਖਾਉ।
ਤਾਂ ਕਹਾਵਾਂਗੇ ਮਹਾਨ,
ਸਤਿ ਅਹਿੰਸਾ ਨੂੰ ਅਪਨਾਉ।





# ਉਲਟੀ ਪਈ ਹੁਸ਼ਿਆਰੀ

ਰੂਬੀਵਨ ਦੇ ਰਾਜਾ ਸ਼ੇਰੂ ਦੀ ਹਨੀ ਖਰਗੋਸ਼ ਨਾਲ ਦੋਸਤੀ ਸੀ। ਹਨੀ ਸਮਝਦਾਰ, ਚਤੁਰ, ਨਿਡਰ ਅਤੇ ਸਾਹਸੀ ਤਾਂ ਸੀ ਹੀ, ਰਾਜ-ਕਾਜ ਦੇ ਸਾਰੇ ਦਾਅ-ਪੇਚਾ ਨੂੰ ਵੀ ਜਾਣਦਾ ਸੀ। ਕੋਈ ਵੀ ਸਮੱਸਿਆ ਹੋਵੇ, ਚੁਟਕੀਆਂ ਵਜਾਉਂਦੇ ਹੀ ਅਜਿਹਾ ਹੱਲ ਲੱਭ ਲੈਂਦਾ ਸੀ ਕਿ ਸਾਰੇ ਦੰਦਾਂ ਹੇਠਾਂ ਉਂਗਲੀਆਂ ਦਬਾ ਲੈਂਦੇ ਸਨ। ਇਹੀ ਕਾਰਣ ਸੀ ਕਿ ਸ਼ੇਰੂ ਨੂੰ ਆਪਣੇ ਦੋਸਤ ਹਨੀ ਤੇ ਮਾਣ ਸੀ ਅਤੇ ਬਿਨਾਂ ਉਸ ਦੀ ਸਲਾਹ ਲਏ ਉਹ ਕੋਈ ਨਵਾਂ ਕਦਮ ਨਹੀਂ ਚੁੱਕਦਾ ਸੀ।

ਸ਼ੇਰੂ ਬਹੁਤ ਹੀ ਉਦਾਰ ਰਾਜਾ ਸੀ। ਗਰੀਬ ਅਤੇ ਅਪਾਹਿਜਾਂ ਦੀ ਸਹਾਇਤਾ ਅਤੇ ਯੋਗ ਵਿਅਕਤੀਆਂ ਦੇ ਸਨਮਾਨ ਵਿੱਚ ਉਹ ਕੋਈ ਘਾਟ ਨਹੀਂ ਰੱਖਦਾ ਸੀ। ਪ੍ਰਜਾ ਨੂੰ ਉਹ ਆਪਣਾ ਪਰਿਵਾਰ ਸਮਝਦਾ ਸੀ ਅਤੇ ਅਕਸਰ ਕਿਹਾ ਕਰਦਾ ਸੀ ਕਿ ਸਾਰੀ ਧਨ-ਦੌਲਤ ਪ੍ਰਜਾ ਦੀ ਹੈ। ਜਿਸ ਦੀ ਵੀ ਕੋਈ ਸਮੱਸਿਆ ਹੋਵੇ ਉਹ ਬਿਨਾ ਸੰਕੋਚ ਆ ਕੇ ਮੈਨੂੰ ਦੱਸੇ ਮੈਂ ਆਪਣੇ ਭਾਈਆਂ ਦੀ ਪੂਰੀ-ਪੂਰੀ ਸਹਾਇਤਾ ਕਰਾਂਗਾ।

ਸੋਨੂੰ ਲੂੰਮੜ ਜਦ ਵੀ ਸ਼ੇਰੂ ਦੀਆਂ ਇਹ ਗੱਲਾਂ ਸੁਣਦਾ ਤਾਂ ਮਨ ਹੀ ਮਨ ਕੁੱਝ ਨਾ ਕੁੱਝ ਸੋਚਿਆ ਕਰਦਾ। ਇੱਕ ਦਿਨ ਬਹੁਤ ਸੋਚ-ਵਿਚਾਰ ਕਰਕੇ ਚਲਾਕ ਸੋਨੂੰ ਦਰਬਾਰ ਵਿੱਚ ਪਹੁੰਚਿਆ ਅਤੇ ਦਰਬਾਨ ਨੂੰ ਇੱਕ ਫਲਾਂ ਦੀ ਟੋਕਰੀ ਦੇ ਕੇ ਬੋਲਿਆ- ਇਹ ਫਲ ਰਾਜਾ ਸ਼ੇਰੂ ਤਕ ਪਹੁੰਚਾ ਦਿਉ। ਮੈਂ ਉਹਨਾਂ ਦਾ ਛੋਟਾ ਭਰਾ ਹਾਂ ਅਤੇ ਉਹਨਾਂ ਨੂੰ ਮਿਲਣਾ ਚਾਹੁੰਦਾ ਹਾਂ।

ਸ਼ੇਰੂ ਨੇ ਫਲਾਂ ਦੀ ਟੋਕਰੀ ਦਰਬਾਨ ਤੋਂ ਹੇਠਾਂ ਰਖਵਾਉਂਦੇ ਹੋਏ ਕਿਹਾ - ਮੇਰੇ ਤਾਂ ਸਾਰੇ ਭਾਈ-ਬੰਧੂ ਹੀ ਹਨ ਜਾਉ, ਉਸ ਨੂੰ ਅੰਦਰ ਬੁਲਾ ਲਿਆਉ।

ਸੋਨੂੰ ਹੱਥ ਜੋੜ ਕੇ ਸ਼ੇਰੂ ਦੇ ਸਾਹਮਣੇ ਪਹੁੰਚਿਆ ਤਾਂ ਸ਼ੇਰੂ ਨੇ ਉਸ ਤੋਂ ਪੁੱਛਿਆ ਅਤੇ ਬੋਲਿਆ- ਭਾਈ ਕੀ ਤਕਲੀਫ ਹੈ ਤੈਨੂੰ? ਤੂੰ ਇਥੇ ਕਿਸ ਲਈ ਆਇਆ ਹੈ?

ਸੋਨੂੰ ਨੇ ਕਹਿਣਾ ਸ਼ੁਰੂ ਕੀਤਾ- ਆਪ ਪ੍ਰਜਾ ਨੂੰ ਆਪਣਾ ਪਰਿਵਾਰ ਮੰਨਦੇ ਹੋ ਅਤੇ ਸਾਰਿਆਂ ਨੂੰ ਆਪਣੇ ਭਾਈ-ਬੰਧੂ। ਮੈਨੂੰ ਵੀ ਆਪ ਭਰਾ ਮੰਨ ਰਹੇ ਹੋ ਨਾ?

ਸ਼ੇਰੂ ਨੇ ਹੱਸ ਕੇ ਕਿਹਾ - ਮੈਂ ਕਦੋਂ ਇਨਕਾਰ ਕੀਤਾ ਹੈ? ਜਦ ਤੂੰ ਮੇਰੀ ਪ੍ਰਜਾ ਵਿਚੋਂ ਇੱਕ ਹੋ ਤਾਂ



ਜਰੂਰ ਹੀ ਮੇਰੇ ਭਾਈ ਹੋ। ਹੁਣ ਕਹਿ ਤੈਨੂੰ ਕੀ ਕੰਮ ਹੈ?

ਸੋਨੂੰ ਬੋਲਿਆ- ਆਪ ਦਾ ਭਾਈ ਹਾਂ। ਇਸ ਲਈ ਮੈਨੂੰ ਆਪ ਦੀ ਸਾਰੀ ਜਾਇਦਾਦ ਦਾ ਅੱਧਾ ਹਿੱਸਾ ਚਾਹੀਦਾ ਹੈ। ਸ਼ੇਰੂ ਉਸ ਦੀ ਇਸ ਚਲਾਕੀ ਨੂੰ ਤਾੜ ਗਿਆ। ਫਿਰ ਵੀ ਉਸੇ ਵਕਤ ਮੰਤਰੀ ਨੂੰ ਬੁਲਾਇਆ ਅਤੇ ਸੋਨੂੰ ਦੇ ਸਾਹਮਣੇ ਹੀ ਪੁੱਛਿਆ- ਮੰਤਰੀ ਜੀ, ਸ਼ਾਹੀ ਖਜਾਨੇ ਵਿੱਚ ਕੁਲ ਕਿੰਨਾ ਖਜਾਨਾ ਹੈ? ਇਸ ਸਾਲ ਦਾ ਖਰਚਾ ਕੀ ਰਿਹਾ? ਸਾਡੀ ਆਮਦਨ ਕੀ ਹੈ? ਅਗਲੇ ਸਾਲ ਲਈ ਬਜਟ ਕਿੰਨਾ ਬਾਕੀ ਹੈ? ਸਭ ਕੁਝ ਵੇਖ ਕੇ ਪਤਾ ਕਰੀਏ ਅਤੇ ਹਿਸਾਬ-ਕਿਤਾਬ ਤਿਆਰ ਕਰਕੇ ਛੇਤੀ ਹੀ ਇੱਥੇ ਲੈ ਆਉ।


ਮੰਤਰੀ ਰੇਸ਼ਮਾ ਬਿੱਲੀ ਸੀ। ਉਹ ਵੀ ਸਾਧਾਰਣ ਨਹੀਂ ਸੀ। ਛੇਤੀ ਹੀ ਸਾਰੀ ਹਾਲਤ ਭਾਂਪ ਗਈ। ਉਸ ਦੀਆਂ ਚਮਕੀਲੀਆਂ ਗੋਲ ਅੱਖਾਂ ਛੇਤੀ-ਛੇਤੀ ਗੋਲਾਈ ਵਿੱਚ ਘੁੰਮਣ ਲੱਗੀਆਂ। ਉਸ ਨੇ ਵੀ ਸੋਨੂੰ ਨੂੰ ਚੰਗਾ ਸਬਕ ਸਿਖਾਉਣ ਦੀ ਠਾਨ ਲਈ। 'ਦੂਸਰੇ ਦਿਨ ਪੂਰਾ ਹਿਸਾਬ-ਕਿਤਾਬ ਸ਼ੇਰੂ ਤਕ ਪਹੁੰਚ ਜਾਏਗਾ।' ਉਸ ਨੇ ਇਹ ਕਹਿ ਕੇ ਉਥੋਂ ਜਾਣ ਦੀ ਆਗਿਆ ਲਈ ਅਤੇ ਚਲੇ ਗਈ।

ਸੋਨੂੰ ਦੇ ਚਲੇ ਜਾਣ ਦੇ ਬਾਦ ਸ਼ੇਰੂ ਨੇ ਹਨੀ ਅਤੇ ਰੇਸ਼ਮਾ ਨੂੰ ਬੁਲਾਇਆ। ਹਨੀ ਨੇ ਸਭ ਕੁਝ ਸੁਣ ਕੇ ਸ਼ੇਰੂ ਨੂੰ ਕਿਹਾ - ਕਿਉਂ ਨਾ ਸੋਨੂੰ ਦੀ ਸਾਰੀ ਜਾਇਦਾਦ ਨੂੰ ਰਾਜ ਦੇ ਗਰੀਬਾਂ ਵਿੱਚ ਵੰਡ ਦੇਈਏ। ਇਸ ਨੇ ਆਪ ਦੀ ਦਾਨਸ਼ੀਲਤਾ ਅਤੇ ਉਦਾਰਤਾ ਦਾ ਨਾਜਾਇਜ ਫਾਇਦਾ ਉਠਾਉਣ ਲਈ ਹੀ ਯੋਜਨਾ ਬਣਾਈ ਹੈ। ਸਾਨੂੰ ਵੀ ਉਸ ਦੀ ਯੋਜਨਾ ਨੂੰ ਰੱਦ ਕਰਕੇ ਉਸ ਤੋਂ ਫਾਇਦਾ ਉਠਾਉਣਾ ਚਾਹੀਦਾ ਹੈ।

ਫਿਰ ਬੁੱਧੀਮਾਨ ਹਨੀ ਅਤੇ ਚਲਾਕ ਰੇਸ਼ਮਾ ਨੇ ਛੇਤੀ ਹੀ ਹਿਸਾਬ-ਕਿਤਾਬ ਤਿਆਰ ਕਰ ਲਿਆ। ਦੂਸਰੇ ਦਿਨ ਜਦ ਸੋਨੂੰ ਅਧਿਕਾਰ ਜਤਾਉਂਦਾ ਹੋਇਆ ਅਕੜਦੇ ਹੋਏ, ਦਰਬਾਰ ਵਿੱਚ ਆਇਆ

ਤਾ ਉਸੇ ਦੇ ਪਿੱਛੇ-ਪਿੱਛੇ ਰੇਸ਼ਮਾ ਵੀ ਆਪਣੇ ਵਹੀ ਖਾਤੇ ਲੈ ਕੇ ਹਾਜ਼ਿਰ ਹੋ ਗਈ। ਸ਼ੇਰੂ ਨੇ ਹਿਸਾਬ-ਕਿਤਾਬ ਮੰਗਿਆ ਤਾਂ ਰੇਸ਼ਮਾ ਬੋਲੀ- ਮਹਾਰਾਜ ਰੂਬੀਵਨ ਤੇ ਗਵਾਂਢੀ ਰਾਜਾਂ ਦਾ ਦਬਾਅ ਵਧਦਾ ਜਾ ਰਿਹਾ ਹੈ। ਉਹ ਕਦੇ ਵੀ ਹਮਲਾ ਕਰ ਸਕਦੇ ਹਨ। ਇਸ ਲਈ ਇਸ ਸਾਲ ਸੈਨਾ ਅਤੇ ਸ਼ਸ਼ਤਰ ਤੇ ਭਾਰੀ ਖਰਚਾ ਹੋ ਚੁੱਕਾ ਹੈ ਅਤੇ ਜੰਗਲ ਦੀ ਸੁਰੱਖਿਆ ਦੀ ਦ੍ਰਿਸ਼ਟੀ ਨਾਲ ਅਸੀਂ ਇਸ ਪਾਸੇ ਵੀ ਜ਼ਿਆਦਾ ਧਿਆਨ ਦੇਣਾ ਹੈ। ਦੂਸਰੀ ਗੱਲ ਇਹ ਹੈ ਕਿ ਸਾਰੇ ਰਾਜ ਕਰਮਚਾਰੀ ਮਹਿੰਗਾਈ ਭੱਤੇ ਦੀ ਮੰਗ ਕਰ ਰਹੇ ਹਨ। ਗਰੀਬਾਂ ਦੇ ਲਈ ਖਾਣ-ਪੀਣ ਦਾ ਇੰਤਜਾਮ ਤਾਂ ਅਸੀਂ ਹੀ ਕਰਨਾ ਹੈ। ਇਹਨਾਂ ਸਾਰੀਆਂ ਗੱਲਾਂ ਨੂੰ ਵੇਖਦੇ ਹੋਏ ਇਸ ਸਾਲ ਸ਼ਾਹੀ ਖਜਾਨੇ ਵਿੱਚ ਭਾਰੀ ਘਾਟ ਹੋਣ ਦਾ ਸ਼ੱਕ ਹੈ।

ਉਸ ਦੇ ਚੁੱਪ ਹੁੰਦੇ ਹੀ ਹਨੀ ਬੋਲ ਪਿਆ- ਮਹਾਰਾਜ, ਆਪ ਇਸ ਗੱਲ ਨੂੰ ਲੈ ਕੇ ਬਿਲਕੁਲ ਚਿੰਤਤ ਨਾ ਹੋਵੇ, ਭਗਵਾਨ ਦੀ ਕ੍ਰਿਪਾ ਨਾਲ ਆਪ ਦੇ ਛੋਟੇ ਭਰਾ ਸੋਨੂੰ ਜੀ ਦੇ ਕੋਲ ਧਨ-ਦੌਲਤ ਦੀ ਘਾਟ ਨਹੀਂ ਹੈ। ਕੱਲ ਹੀ ਮੈਂ ਸੁਣਿਆ ਸੀ ਕਿ



ਸ਼ਾਹੀ ਖਜ਼ਾਨੇ ਦੇ ਅੱਧੇ ਮਾਲਿਕ ਸੋਨੂੰ ਜੀ ਹਨ। ਇਸ ਮੁਸੀਬਤ ਦੀ ਘੜੀ ਵਿੱਚ ਸੋਨੂੰ ਜੀ ਦਾ ਫਰਜ ਹੈ ਕਿ ਆਪਣੀ ਜਾਇਦਾਦ ਦਾ ਅੱਧਾ ਹਿੱਸਾ ਸ਼ਾਹੀ ਖਜਾਨੇ ਨੂੰ ਦੇ ਦਏ ਤਾਂਕਿ ਉਹਨਾਂ ਦੇ ਥੋੜੇ ਜਿਹੇ ਸਹਿਯੋਗ ਦੇ ਨਾਲ ਵੱਡੇ ਭਰਾ ਦੀ ਇਸ ਸਾਲ ਦੀ ਸਮੱਸਿਆ ਸੁਲਝ ਜਾਏ।

ਰੇਸ਼ਮਾ ਅਤੇ ਹਨੀ ਦੀਆਂ ਗੱਲਾਂ ਸੁਣ ਕੇ ਸੋਨੂੰ ਦੇ ਹੋਸ਼ੋ-ਹਵਾਸ ਗੁੰਮ ਹੋ ਗਏ। ਕਿਥੇ ਉਹ ਅੱਧਾ ਰਾਜ ਲੈਣ ਦੇ ਸੁਪਨੇ ਵੇਖ ਕੇ ਆਇਆ ਸੀ ਅਤੇ ਭਾਈ ਬਣਨ ਦੀ ਚਾਲਾਕੀ ਨੇ ਉਸ ਨੂੰ ਆਪਣੀ ਅੱਧੀ ਜਾਇਦਾਦ ਦੇਣ ਲਈ ਮਜ਼ਬੂਰ ਕਰ ਦਿੱਤਾ ਸੀ। ਉਸ ਨੂੰ ਇਸ ਤਰ੍ਹਾਂ ਸੋਚ ਵਿੱਚ ਡੁੱਬਿਆ ਵੇਖ ਕੇ ਸ਼ੇਰੂ ਬੋਲਿਆ- ਹਾਂ ਭਾਈ, ਇਸ ਮੁਸੀਬਤ ਵਿੱਚ ਤੂੰ ਸਾਡਾ ਸਾਥ ਦਿੱਤਾ ਤਾਂ ਅਸੀਂ ਸਾਰੇ ਹਮੇਸ਼ਾਂ ਤੇਰੇ ਧੰਨਵਾਦੀ ਰਹਾਂਗੇ।

ਚਾਰੇ ਪਾਸਿਉਂ ਆਪਣੇ ਹੀ ਜਾਲ ਵਿੱਚ ਫਸਿਆ ਸੋਨੂੰ ਲੂੰਮੜ ਕੀ ਕਰਦਾ? ਉਹ ਹੌਲੀ ਜਿਹੇ ਬੋਲਿਆ- ਮੈਂ ਜ਼ਰੂਰ ਇੰਤਜਾਮ ਕਰਦਾ ਹਾਂ। ਫਿਰ ਉਹ ਜਿਉਂ ਦਰਬਾਰ ਅਤੇ ਰੂਬੀਵਨ ਤੋਂ ਭੱਜਿਆ ਤਾਂ ਸਾਲੋ-ਸਾਲ ਗੁਜਰ ਗਏ, ਉਹ ਵਾਪਸ ਨਹੀਂ ਆਇਆ। ਉਸ ਦੀ ਜੋ ਥੋੜੀ ਬਹੁਤ ਜਾਇਦਾਦ ਸੀ, ਉਹ ਰੇਸ਼ਮਾ ਅਤੇ ਹਨੀ ਨੇ ਸ਼ੇਰੂ ਤੋਂ ਆਗਿਆ ਲੈ ਕੇ ਗਰੀਬਾਂ ਵਿੱਚ ਵੰਡ ਦਿੱਤੀ। ਉਸ ਨੂੰ ਇਸ ਤਰ੍ਹਾਂ ਨਾਲ ਸਬਕ ਸਿਖਾਉਣ ਦੇ ਬਾਦ ਪ੍ਰਜਾ ਵਿੱਚ ਜੋ ਗਿਣੇ-ਚੁਣੇ ਚਾਲਾਕ ਪ੍ਰਾਣੀ ਸਨ ਉਹ ਵੀ ਸੁਧਰ ਗਏ। ਫਿਰ ਕਦੇ ਕਿਸੇ ਵਿੱਚ ਐਨੀ ਜੁਰਤ ਨਹੀਂ ਹੋਈ ਕਿ ਉਹ ਜਾਇਦਾਦ ਦੇ ਪਿਛੇ ਆਪਣੇ ਹੀ ਪਰਿਵਾਰ ਵਿੱਚ ਕਿਸੇ ਤਰ੍ਹਾਂ ਦਾ ਝਗੜਾ ਕਰਦੇ। ਸ਼ੇਰੂ ਦੀ ਨਿਗਰਾਨੀ ਵਿੱਚ ਇਸ ਘਟਨਾ ਦੇ ਬਾਦ ਤੋਂ ਹੀ ਹਨੀ ਅਤੇ ਰੇਸ਼ਮਾ ਹੋਰ ਉਚੇ ਹੋ ਗਏ। ■

ਕਹਾਣੀ: ਅਮਰਜੀਤ ਸਿੰਘ ਅਮਰ

# ਟੇਲਰ ਬਰਡ



ਟੇਲਰ ਬਰਡ ਇੱਕ ਖੂਬਸੂਰਤ ਚਿੜੀ ਹੈ। ਉਂਝ ਇਹਨੂੰ ਗਾਉਣ ਵਾਲੀ ਚਿੜੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਹ ਮਜੇ ਨਾਲ ਰੁੱਖਾਂ-ਪੌਦਿਆਂ ਅਤੇ ਵੇਲਾਂ ਤੇ ਕੁਦਦੀ ਫਿਰਦੀ 'ਟੌਵਿਟ-ਟੌਵਿਟ' ਜਾਂ 'ਪ੍ਰੇਟੀ-ਪ੍ਰੇਟੀ' ਆਵਾਜ਼ ਕੱਢਦੀ ਰਹਿੰਦੀ ਹੈ।

ਇਹ ਚਿੜੀ ਚੀਨ, ਮਲਾਇਆ, ਆਸਟ੍ਰੇਲੀਆ, ਦੱਖਣ ਅਫਰੀਕਾ, ਅਮਰੀਕਾ ਦੇ ਘਣੇ ਜੰਗਲਾਂ ਵਿੱਚ ਪਾਈ ਜਾਂਦੀ ਹੈ। ਇਹ ਰੁੱਖਾਂ ਤੇ ਆਪਣਾ ਖੂਬਸੂਰਤ ਆਲ੍ਹਣਾ ਬਣਾਉਂਦੀ ਹੈ। ਇਹ ਚਿੜੀ ਘੁੱਗੀ ਤੋਂ ਥੋੜੀ ਛੋਟੀ ਪ੍ਰੰਤੂ ਸਾਹਸੀ, ਜੈਤੂਨੀ ਹਰੇ ਰੰਗ ਦੀ ਚਿੜੀ ਹੈ। ਇਸ ਦਾ ਆਲ੍ਹਣਾ ਪਿਆਲੇ ਦੇ ਆਕਾਰ ਦਾ ਹੁੰਦਾ ਹੈ। ਇਹ ਜ਼ਿਆਦਾਤਰ ਆਪਣੇ ਆਲ੍ਹਣੇ ਹਰੇ ਭਰੇ ਘਣੇ ਰੁੱਖਾਂ ਤੇ ਬਣਾਉਂਦੀ ਹੈ ਆਲ੍ਹਣੇ ਦਾ ਮੂੰਹ ਉਪਰ, ਹੇਠਾਂ ਜਾਂ ਸਾਇਡ ਵਿੱਚ ਹੁੰਦਾ ਹੈ। ਆਲ੍ਹਣੇ ਦਾ ਨਿਰਮਾਣ ਨਰ ਅਤੇ ਮਾਦਾ ਦੋਵੇਂ ਮਿਲ ਕੇ ਕਰਦੇ ਹਨ। ਇਸ ਆਲ੍ਹਣੇ ਨੂੰ ਉਨ, ਰੇਸ਼ਮੀ ਧਾਗੇ, ਰੱਸੀ ਦੇ ਟੁਕੜਿਆਂ, ਜੰਗਲੀ ਸੁੱਕੀ ਘਾਹ ਨਾਲ ਕਲਾਤਮਕ ਢੰਗ ਨਾਲ ਬਣਾਇਆ ਜਾਂਦਾ ਹੈ।

ਇਸ ਚਿੜੀ ਦੀ ਗਰਦਨ ਵਿੱਚ ਕਾਲੀਆਂ ਲਕੀਰਾਂ ਹੁੰਦੀਆਂ ਹਨ। ਅੱਖਾਂ ਦੀਆਂ ਪੁਤਲੀਆਂ ਪੀਲੀਆਂ ਹੁੰਦੀਆਂ ਹਨ, ਪੈਰ ਪੀਲਾਪਨ ਲਏ ਹੋਏ ਭੂਰੇ ਹੁੰਦੇ ਹਨ ਅਤੇ ਚੁੰਝ ਸੁਰਖ ਗੁਲਾਬੀ ਅਤੇ ਨੁਕੀਲੀ ਹੁੰਦੀ ਹੈ। ਇਸ ਦੇ ਖੰਭ ਤੇ ਪੀਲੇ-ਪੀਲੇ ਧੱਬੇ ਬਣੇ ਹੁੰਦੇ ਹਨ।

ਇਸ ਚਿੜੀ ਦਾ ਪਸੰਦੀਦਾ ਭੋਜਨ ਮਿੱਠੇ-ਮਿੱਠੇ ਫਲ-ਫੁੱਲ, ਸ਼ਹਿਦ, ਕੀੜੇ-ਮਕੌੜੇ, ਨਰਮ-ਮੁਲਾਇਮ ਪੱਤੇ ਅਤੇ ਜੰਗਲੀ ਘਾਹ ਹੈ।

ਇਹ ਅਗਸਤ ਦੇ ਮਹੀਨੇ ਵਿੱਚ ਆਂਡੇ ਦਿੰਦੀ ਹੈ। ਆਂਡਿਆਂ ਦਾ ਰੰਗ ਪੀਲਾ ਗੁਲਾਬੀ ਹੁੰਦਾ ਹੈ ਜਿਹਨਾਂ ਤੇ ਕਥਈ ਲਾਇਨਾਂ ਹੁੰਦੀਆਂ ਹਨ। ਆਂਡਿਆਂ ਵਿਚੋਂ ਬੱਚੇ 3 ਤੋਂ 4 ਹਫ਼ਤੇ ਦੇ ਵਿੱਚ ਨਿਕਲਣ ਲੱਗਦੇ ਹਨ।

ਇਸ ਚਿੜੀ ਨੂੰ ਕੁਦਰਤ ਦੇ ਰੰਗ-ਬਿਰੰਗੇ ਫੁੱਲਾਂ ਨਾਲ ਬੜਾ ਪਿਆਰ ਹੈ। ਇਹ ਜਿਥੇ ਵੀ ਢੇਰ ਖਿੜੇ ਫੁੱਲਾਂ ਨੂੰ ਵੇਖਦੀ ਹੈ, ਤੁਰੰਤ ਪਹੁੰਚ ਜਾਂਦੀ ਹੈ ਅਤੇ ਫੁੱਲਾਂ ਵਿੱਚ ਬੜੀ ਮਸਤੀ ਨਾਲ ਕੁੱਦਣ ਲੱਗਦੀ ਹੈ। ਕੁੱਦਦੇ-ਕੁੱਦਦੇ ਆਪਣੇ ਮਿੱਠੇ ਗਲੇ ਤੋਂ ਅਜਿਹੀਆਂ ਆਵਾਜ਼ਾਂ ਕੱਢਦੀ ਹੈ, ਜਿਵੇਂ ਕੋਈ ਬਾਂਸਰੀ ਨੂੰ ਹੌਲੀ-ਹੌਲੀ ਵਜਾ ਰਿਹਾ ਹੋਵੇ। ਦੇਰ ਤਕ ਇਸ ਦੀ ਮਿੱਠੀਆਂ-ਮਿੱਠੀਆਂ ਆਵਾਜ਼ਾਂ ਸੁਣਨ ਨਾਲ ਇੰਝ ਲੱਗਦਾ ਹੈ- ਜਿਵੇਂ ਕੋਈ ਜੰਗਲ ਵਿੱਚ ਬਾਂਸਰੀ ਵਜਾ ਕੇ ਕੁਦਰਤੀ ਸੁੰਦਰਤਾ ਦੀ ਤਾਰੀਫ ਕਰ ਰਿਹਾ ਹੈ। ਨਰ ਟੁਨਟੁਨੀ ਦਾ ਰੰਗ ਗਹਿਰਾ ਹਰਾ ਹੁੰਦਾ ਹੈ ਅਤੇ ਮਾਦਾ ਟੁਨਟੁਨੀ ਚਿੜੀ ਤੋਂ ਔਸਤਨ 2-3 ਇੰਚ ਲੰਮਾ ਹੁੰਦਾ ਹੈ। ਇਸ ਚਿੜੀ ਦੀ ਉਮਰ 3-4 ਸਾਲ ਦੀ ਹੁੰਦੀ ਹੈ। ਬੁਢਾਪੇ ਵਿੱਚ ਇਸ ਦੀ ਗਰਦਨ ਤੇ ਦਾੜੀ ਵਿੱਚ ਸਫੈਦ ਵਾਲ ਆਉਣ ਲੱਗਦੇ ਹਨ ਅਤੇ ਹੌਲੀ-ਹੌਲੀ ਇਸ ਨੂੰ ਦਿਖਾਈ ਦੇਣਾ ਬੰਦ ਹੋ ਜਾਂਦਾ ਹੈ। ਜਿਵੇਂ ਹੀ ਇਹ ਪੂਰੀ ਅੰਨ੍ਹੀ ਹੁੰਦੀ ਹੈ ਉਸ ਦੇ 5-7 ਦਿਨਾਂ ਬਾਦ ਹੀ ਇਹ ਆਪਣਾ ਸਰੀਰ ਤਿਆਗ ਦਿੰਦੀ ਹੈ।

ਇਸ ਚਿੜੀ ਦੀਆਂ ਕੁੱਝ ਪ੍ਰਜਾਤੀਆਂ ਦੱਖਣੀ ਅਮਰੀਕਾ, ਸਪੇਨ, ਕੇਨੀਆ ਅਤੇ ਬ੍ਰਾਜੀਲ ਵਿੱਚ ਵੀ ਦਿਖਾਈ ਦਿੰਦੀਆਂ ਹਨ ਜੋ ਆਪਣੇ ਰੰਗ-ਰੂਪ ਲਈ ਚਰਚਿਤ ਹਨ।

ਲੇਖ: ਫੇਨਮ ਸੋਗਾਨੀ

ਬਾਲ ਗੀਤ : ਹਰਜਿੰਦਰ ਪਾਇਲ

# ਤਿਤਲੀ

ਫੁੱਲਾਂ ਤੇ ਮੰਡਰਾਉਂਦੀ ਤਿਤਲੀ,
ਵੇਖ ਉਹਨਾਂ ਨੂੰ ਆਉਂਦੀ ਤਿਤਲੀ।

ਖੁਸ਼ਬੂ ਉਹਨਾਂ ਦੀ ਲੈ ਕੇ ਕਿਵੇਂ,
ਮਿੰਨਾ-ਮਿੰਨਾ ਮੁਸਕਾਉਂਦੀ ਤਿਤਲੀ।

ਰੰਗ-ਬਿਰੰਗੇ ਜਿਸਮ ਬਣਾ ਕੇ,
ਕਿਵੇਂ ਉਹ ਸ਼ਰਮਾਉਂਦੀ ਤਿਤਲੀ।

ਅਸੀਂ ਬੱਚੇ ਜਿਉਂ ਉਸ ਨੂੰ ਵੇਖੀਏ,
ਬੱਚਿਆਂ ਨੂੰ ਬਹਿਲਾਉਂਦੀ ਤਿਤਲੀ।

ਜਦ ਅਸੀਂ ਉਸ ਦੇ ਪਿੱਛੇ ਭੱਜੀਏ,
ਸੱਚ ਵਿੱਚ ਖੁਸ਼ ਹੋ ਜਾਂਦੀ ਤਿਤਲੀ।

ਉਸ ਦੇ ਬਿਨ ਹੈ ਬਾਗ ਅਧੂਰਾ,
ਉਹ ਦੀਪਕ ਅਤੇ ਬੱਤੀ ਤਿਤਲੀ।

ਮੈਂ 'ਪਾਇਲ' ਬਸ ਵੇਖ ਰਹੀ ਹਾਂ,
ਫੁੱਲਾਂ ਨੂੰ ਸਹਿਲਾਉਂਦੀ ਤਿਤਲੀ।



# ਰੰਗ ਭਰੋ





ਨਾਂ ........................................................ ਉਮਰ ......

ਪੂਰਾ ਪਤਾ .........................................................

.......................................................................

# ਫਰਵਰੀ 2023 ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ:**

ਵਿਦਿਤ ਬਜਾਜ (ਉਮਰ 10 ਸਾਲ)
ਵੀ.ਪੀ.ਓ ਖੁਸ਼ਹਾਲ ਪੁਰ
ਜ਼ਿਲਾ : ਗੁਰਦਾਸਪੁਰ (ਪੰਜਾਬ)

**ਦੂਸਰਾ ਨੰ:**

ਸੁਹਾਨੀ ਗੁਪਤਾ (ਉਮਰ 9 ਸਾਲ)
ਵੀ.ਪੀ.ਓ ਹੁਸ਼ਿਆਰਪੁਰ
ਜ਼ਿਲਾ ਹੁਸ਼ਿਆਰਪੁਰ (ਪੰਜਾਬ)

**ਤੀਸਰਾ ਨੰ:**

ਸ਼ੁਭਪ੍ਰੀਤ (ਉਮਰ 7 ਸਾਲ)
ਵੀ.ਪੀ.ਓ ਅੰਮ੍ਰਿਤਸਰ
ਜ਼ਿਲਾ ਅੰਮ੍ਰਿਤਸਰ (ਪੰਜਾਬ)




## ਪਸੰਦ ਕੀਤੇ ਗਏ –

ਨਵਪ੍ਰੀਤ ਕੌਰ (ਕਪੂਰਥਲਾ),
ਨਿਹਾਰਿਕਾ (ਲੁਧਿਆਣਾ),
ਸਮੀਪਤਾ ਖੁਰਾਨਾ (ਜਲੰਧਰ),
ਪ੍ਰੇਰਣਾ (ਬੇਦੀ ਨਗਰ),
ਜਸਪ੍ਰੀਤ ਕੌਰ (ਬੋਹਾ),
ਪ੍ਰਭਜੀਤ ਕੌਰ (ਭੈਰੋ ਮਾਜਰਾ),
ਹਰਸ਼ਪ੍ਰੀਤ ਕੌਰ (ਕੁਰਾਲੀ),
ਰਸ਼ਮੀਤ ਕੌਰ (ਖੁਸ਼ਹਾਲਪੁਰ),
ਗੁਰਮੁਖ ਨੂਰ (ਗੁਮਟਾਲਾ),
ਪ੍ਰਵੀਨ ਕੌਰ (ਨਾਨਕ ਨਗਰੀ),
ਸਹਿਜ ਬਾਂਸਲ (ਪਾਤੜਾਂ),
ਸਿਦਕ ਭਾਟੀਆ (ਦੋਰਾਹਾ),
ਗੁਰਵਿੰਦਰ (ਜ਼ੀਰਾ),
ਅਰਸ਼ਦੀਪ ਸਿੰਘ (ਰੁਪੋਵਾਲ),
ਸੁਖਪ੍ਰੀਤ ਸਿੰਘ (ਮਾਨਸਾ),
ਭਾਵੇਸ਼ ਬਾਂਸਲ (ਰਾਏਕੋਟ)

# ਮਈ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਜੂਨ 2023 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਜੁਲਾਈ 2023 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ। 15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

# ਵਫ਼ਾਦਾਰ ਹਾਥੀ

ਬਹੁਤ ਪੁਰਾਣੀ ਗੱਲ ਹੈ। ਉਦੈਪੁਰ ਰਾਜ ਵਿੱਚ ਰਾਜਾ ਵੀਰਸੈਨ ਦਾ ਰਾਜ ਸੀ। ਰਾਜਾ ਬਹੁਤ ਹੀ ਨਿਆਂਪ੍ਰਿਯ ਅਤੇ ਦਿਲ ਦਾ ਬਹੁਤ ਚੰਗਾ ਸੀ। ਪ੍ਰਜਾ ਉਸ ਤੋਂ ਬਹੁਤ ਖੁਸ਼ ਸੀ। ਰਾਜਾ ਹਰ ਇੱਕ ਦੀ ਸਹਾਇਤਾ ਕਰਦਾ ਸੀ। ਪ੍ਰਜਾ ਤੇ ਇੱਕ ਵੀ ਸੰਕਟ ਨਹੀਂ ਆਉਣ ਦਿੰਦਾ ਸੀ। ਰਾਜੇ ਦੇ ਮਹਿਲ ਤੋਂ ਕੁਝ ਹੀ ਦੂਰੀ ਤੇ ਇੱਕ ਜੰਗਲ ਸੀ। ਉਸ ਜੰਗਲ ਵਿੱਚ ਬਹੁਤ ਸਾਰੇ ਜਾਨਵਰ ਤੇ ਪੰਛੀ ਰਹਿੰਦੇ ਸਨ। ਓਸੇ ਜੰਗਲ ਵਿੱਚੋਂ ਇੱਕ ਹਾਥੀ ਹਰ ਰੋਜ਼ ਆ ਜਾਂਦਾ ਸੀ ਅਤੇ ਰਾਜੇ ਦੇ ਮਹਿਲ ਦੇ ਬਾਹਰ ਆ ਕੇ ਆਰਾਮ ਨਾਲ ਬੈਠ ਜਾਂਦਾ ਸੀ ਅਤੇ ਸ਼ਾਮ ਹੋਣ ਤੋਂ ਪਹਿਲਾਂ ਹੀ ਵਾਪਿਸ ਪਰਤ ਜਾਂਦਾ ਸੀ।

ਜਦੋਂ ਰਾਜੇ ਨੂੰ ਇਸ ਹਾਥੀ ਬਾਰੇ ਪਤਾ ਲੱਗਿਆ ਕਿ ਇਹ ਹਾਥੀ ਰੋਜ਼ ਦੀ ਤਰ੍ਹਾਂ ਅੱਜ ਵੀ ਰਾਜ-ਮਹਿਲ ਦੇ ਬਾਹਰ ਬੈਠ ਗਿਆ ਹੈ ਤਾਂ ਰਾਜਾ ਉਸ ਹਾਥੀ ਕੋਲ ਗਿਆ। ਜਦੋਂ ਹਾਥੀ ਬੈਠਾ ਸੀ ਤਾਂ ਰਾਜੇ ਨੇ ਉਸ ਦੇ ਸਿਰ ਤੇ ਬੜੇ ਪਿਆਰ ਨਾਲ ਹੱਥ ਫੇਰਿਆ। ਹਾਥੀ ਬਹੁਤ ਹੀ ਪਿਆਰ ਵਾਲੀਆਂ ਨਜ਼ਰਾਂ ਨਾਲ ਰਾਜੇ ਨੂੰ ਦੇਖ ਰਿਹਾ ਸੀ। ਰਾਜੇ ਨੇ ਉਸ ਹਾਥੀ ਨੂੰ ਖਾਣ ਲਈ ਬਹੁਤ ਸਾਰੀਆਂ ਹਰੀ-ਭਰੀ ਸਬਜੀਆਂ ਦਿੱਤੀਆਂ। ਹਾਥੀ ਬਹੁਤ ਵਿਸ਼ਾਲ ਸੀ। ਹੌਲੀ-ਹੌਲੀ ਉਸ ਹਾਥੀ ਅਤੇ ਰਾਜੇ ਦੇ ਵਿਚਕਾਰ ਦੋਸਤੀ ਦਾ ਰਿਸ਼ਤਾ ਬਣਦਾ ਚਲਾ ਗਿਆ। ਹਾਥੀ ਹਰ ਰੋਜ਼ ਆਉਂਦਾ ਸੀ ਅਤੇ ਰਾਜਾ ਕੁਝ ਨਾ ਕੁਝ ਖਾਣ ਲਈ ਉਸ ਨੂੰ ਦੇ ਦਿੰਦਾ ਸੀ। ਹਾਥੀ ਰਾਜੇ ਦਾ ਦੋਸਤ ਬਣਨ ਕਾਰਨ ਹੁਣ ਰਾਜ-ਮਹਿਲ ਦੇ ਅੰਦਰ ਵੀ ਪ੍ਰਵੇਸ਼ ਕਰਨ ਲੱਗਾ ਸੀ। ਸੈਨਿਕ ਉਸ ਨੂੰ ਰੋਕਦੇ ਪਰ ਉਹ ਕਿਸੇ ਨੂੰ ਕੁਝ ਨਾ ਕਹਿੰਦਾ ਸੀ। ਹਾਥੀ ਰਾਜੇ ਦਾ ਬਹੁਤ ਹੀ ਵਫ਼ਾਦਾਰ ਹੋ ਗਿਆ ਸੀ। ਰਾਜੇ ਨੇ ਇਹ ਵੀ ਪਤਾ ਲਗਵਾਇਆ ਕਿ ਸ਼ਾਮ ਵੇਲੇ ਉਹ ਹਾਥੀ ਜੰਗਲ





ਵਿੱਚ ਕਿੱਥੇ ਜਾਂਦਾ ਹੈ। ਜੰਗਲ ਵਿੱਚ ਉਸ ਦੇ ਦੋ ਨੰਨੇ ਬੱਚੇ ਸਨ। ਜਿਸ ਕਾਰਨ ਉਹ ਸ਼ਾਮ ਹੋਣ ਤੋਂ ਪਹਿਲਾਂ ਹੀ ਜੰਗਲ ਵਾਪਿਸ ਪਰਤ ਜਾਂਦਾ ਸੀ। ਹਾਥੀ ਬਹੁਤ ਹੀ ਹਰਮਨ ਪਿਆਰਾ ਬਣ ਗਿਆ ਸੀ। ਰਾਜਾ ਨੇ ਜਦੋਂ ਵੀ ਕਿਤੇ ਜਾਣਾ ਹੁੰਦਾ ਤਾਂ ਉਸ ਹਾਥੀ ਦੀ ਹੀ ਸਵਾਰੀ ਕਰਦਾ ਸੀ। ਹੁਣ ਤਾਂ ਉਸ ਹਾਥੀ ਨੂੰ ਕੋਈ ਵੀ ਨਹੀਂ ਰੋਕਦਾ ਸੀ।

ਇਸੇ ਤਰ੍ਹਾਂ ਕੁਝ ਸਮਾਂ ਲੰਘ ਗਿਆ। ਇੱਕ ਦਿਨ ਬਹੁਤ ਹੀ ਅਦਭੁੱਤ ਘਟਨਾ ਵਾਪਰੀ। ਹਾਥੀ ਰੋਜ਼ ਆਉਂਦਾ ਸੀ ਪਰ ਇੱਕ ਦਿਨ ਉਹ ਰਾਜ-ਮਹਿਲ ਨਾ ਆਇਆ। ਰਾਜਾ ਉਸ ਨੂੰ ਉਡੀਕਦਾ ਰਿਹਾ ਪਰ ਹਾਥੀ ਸ਼ਾਮ ਤੱਕ ਨਹੀਂ ਆਇਆ। ਰਾਜੇ ਨੂੰ ਉਸ ਦੀ ਚਿੰਤਾ ਹੋਣ ਲੱਗੀ। ਰਾਜੇ ਨੇ ਆਪਣੇ ਸੈਨਿਕਾਂ ਨੂੰ ਆਦੇਸ਼ ਦਿੱਤਾ ਕਿ ਜਲਦੀ ਨਾਲ ਜੰਗਲ ਵਿੱਚ ਜਾਓ ਅਤੇ ਉਸ ਹਾਥੀ ਨੂੰ ਲੱਭੋ। ਬਹੁਤ ਸਾਰੇ ਸੈਨਿਕ ਹਾਥੀ ਨੂੰ ਲੱਭਣ ਲਈ ਜੰਗਲ ਵਿੱਚ ਗਏ। ਜਿੱਥੇ ਹਾਥੀ ਆਪਣੇ ਬੱਚਿਆਂ ਨਾਲ ਰਹਿੰਦਾ ਸੀ ਉਥੋਂ ਉਹ ਗਾਇਬ ਸੀ, ਉਥੇ ਸਿਰਫ਼ ਉਸ ਦੇ ਬੱਚੇ ਹੀ ਸਨ। ਸੈਨਿਕਾਂ ਨੇ ਇਹ ਖ਼ਬਰ ਰਾਜੇ ਨੂੰ ਦਿੱਤੀ ਕਿ ਅਸੀਂ ਪੂਰਾ ਜੰਗਲ ਵੇਖ ਲਿਆ ਹੈ ਪਰ ਸਾਨੂੰ ਕਿਤੋਂ ਵੀ ਹਾਥੀ ਨਹੀਂ ਮਿਲਿਆ। ਉਸ ਦੇ ਬੱਚੇ ਸਹੀ-ਸਲਾਮਤ ਹਨ। ਰਾਜੇ ਨੇ ਕਈ ਦਿਨ ਇੰਤਜ਼ਾਰ ਕੀਤਾ ਕਿ ਸ਼ਾਇਦ ਹਾਥੀ ਵਾਪਿਸ ਆ ਹੀ ਜਾਵੇ ਪਰ ਉਹ ਵਾਪਿਸ ਨਾ ਆਇਆ। ਰਾਜੇ ਨੇ ਫਿਰ ਹਾਥੀ ਦੇ ਦੋਨੋਂ ਬੱਚੇ ਆਪਣੇ ਰਾਜ-ਮਹਿਲ ਵਿੱਚ ਹੀ ਬੁਲਾ ਲਏ। ਰਾਜੇ ਨੇ ਉਨ੍ਹਾਂ ਬੱਚਿਆਂ ਦੀ ਦੇਖਭਾਲ ਲਈ ਸੈਨਿਕ ਛੱਡ ਦਿੱਤੇ। ਰਾਜੇ ਨੇ ਉਸ ਹਾਥੀ ਦੀ ਹੋਰ ਕਈ ਜਗ੍ਹਾ ਤੇ ਵੀ ਭਾਲ ਕੀਤੀ ਪਰ ਉਸ ਹਾਥੀ ਦੀ ਕਿਤੇ ਵੀ ਸੂਅ ਨਾ ਮਿਲੀ। ਰਾਜਾ ਬਹੁਤ ਬੇਚੈਨ ਹੋ ਗਿਆ ਸੀ ਕਿਉਂਕਿ ਰਾਜੇ ਦਾ ਹਾਥੀ ਨਾਲ ਪਿਆਰ ਅਤੇ ਦੋਸਤੀ ਦਾ ਰਿਸ਼ਤਾ ਕਾਫ਼ੀ ਗਹਿਰਾ ਹੋ ਚੁੱਕਾ ਸੀ।

ਰਾਜੇ ਦੇ ਰਾਜ ਦੇ ਨਾਲ ਲੱਗਦਾ ਰਾਜ ਅਭੀਪੁਰ ਸੀ। ਉਥੋਂ ਦਾ ਰਾਜਾ ਬਹੁਤ ਹੀ ਜ਼ਾਲਿਮ ਸੀ। ਉਹ ਆਪਣੀ ਪ੍ਰਜਾ ਤੇ ਕਾਫ਼ੀ ਜ਼ੁਲਮ ਕਰਦਾ ਸੀ। ਉਹ ਉਦੈਪੁਰ ਨੂੰ ਵੀ ਆਪਣੇ ਰਾਜ ਵਿੱਚ ਮਿਲਾਉਣਾ ਚਾਹੁੰਦਾ ਸੀ। ਉਸ ਨੇ ਦੋ ਵਾਰ ਉਦੈਪੁਰ ਤੇ ਹਮਲਾ ਵੀ ਕੀਤਾ ਸੀ ਪਰ ਵੀਰਸੈਨ ਬਹੁਤ ਤਾਕਤਵਰ ਰਾਜਾ ਸੀ। ਉਸ ਨੇ ਕਈ ਵਾਰ ਉਦੈਪੁਰ ਦੇ





ਰਾਜੇ ਨੂੰ ਸਬਕ ਸਿਖਾਇਆ ਸੀ ਅਤੇ ਹਰ ਵਾਰ ਉਹ ਵੀਰਸੈਨ ਤੋਂ ਹਾਰਿਆ ਸੀ। ਉਹ ਵੀਰਸੈਨ ਨਾਲ ਇਸੇ ਵਜ੍ਹਾ ਨਾਲ ਜ਼ਿੱਦ ਕਰਦਾ ਸੀ। ਉਸ ਨੇ ਬਹੁਤ ਸਾਲਾਂ ਬਾਅਦ ਜਿੱਦ ਕੱਢਣ ਲਈ ਫਿਰ ਉਦੈਪੁਰ ਤੇ ਰਾਤ ਵੇਲੇ ਹਮਲਾ ਕਰ ਦਿੱਤਾ। ਵੀਰਸੈਨ ਦੇ ਸੈਨਿਕ ਲੜ੍ਹਾਈ ਲਈ ਹਮੇਸ਼ਾ ਤਿਆਰ ਰਹਿੰਦੇ ਸਨ। ਇੱਕ ਪਾਸੇ ਅਭੀਪੁਰ ਦੇ ਸੈਨਿਕ ਖੜੇ ਸਨ ਅਤੇ ਇੱਕ ਪਾਸੇ ਉਦੈਪੁਰ ਦੇ। ਅਭੀਪੁਰ ਦੇ ਰਾਜੇ ਨੇ ਇੱਕ ਬਹੁਤ ਹੀ ਖਤਰਨਾਕ ਹਾਥੀ ਤਿਆਰ ਕੀਤਾ ਹੋਇਆ ਸੀ। ਉਸ ਹਾਥੀ ਤੇ ਲੜਾਈ ਦੇ ਕਈ ਤਰ੍ਹਾਂ ਦੇ ਔਜ਼ਾਰ ਲੱਦੇ ਹੋਏ ਸਨ।

ਅਭੀਪੁਰ ਦੇ ਰਾਜੇ ਨੇ ਆਪਣੇ ਸੈਨਿਕਾਂ ਨੂੰ ਆਦੇਸ਼ ਦਿੱਤਾ ਕਿ ਇਸ ਹਾਥੀ ਨੂੰ ਛੱਡ ਦਿਓ ਉਦੈਪੁਰ ਦੇ ਸੈਨਿਕਾਂ ਵੱਲ। ਉਨ੍ਹਾਂ ਸੈਨਿਕਾਂ ਨੇ ਇੱਕ ਨਸ਼ੇ ਵਾਲੀ ਜੜ੍ਹੀ-ਬੂਟੀ ਉਸ ਹਾਥੀ ਨੂੰ ਖਿਲਾਈ ਅਤੇ ਉਸ ਨੂੰ ਉਦੈਪੁਰ ਦੇ ਸੈਨਿਕਾਂ ਵੱਲ ਛੱਡ ਦਿੱਤਾ। ਉਹ ਹਾਥੀ ਬਹੁਤ ਤੇਜ਼ੀ ਨਾਲ ਸੈਨਿਕਾਂ ਵੱਲ ਆ ਰਿਹਾ ਸੀ। ਉਸ ਤੇ ਬਹੁਤ ਸਾਰੇ ਔਜ਼ਾਰ ਲੱਦੇ ਹੋਏ ਸਨ ਜਿਸ ਕਾਰਨ ਉਸ ਨੇ ਵੀਰਸੈਨ ਦੇ ਕਈ ਸੈਨਿਕ ਜ਼ਖ਼ਮੀ ਕਰ ਦਿੱਤੇ। ਵੀਰਸੈਨ ਸਾਹਸੀ ਰਾਜਾ ਸੀ। ਉਸ ਨੇ ਉਸ ਹਾਥੀ ਦਾ ਆਪ ਸਾਹਮਣਾ ਕਰਨ ਦਾ ਫੈਸਲਾ ਕੀਤਾ। ਜਦ ਰਾਜਾ ਹਾਥੀ ਦੇ ਸਾਹਮਣੇ ਆਇਆ ਤਾਂ ਰਾਜੇ ਨੇ ਉਸ ਹਾਥੀ ਨੂੰ ਪਹਿਚਾਨ ਲਿਆ ਅਤੇ ਹਾਥੀ ਨੇ ਵੀ ਰਾਜੇ ਨੂੰ ਪਹਿਚਾਨ ਲਿਆ। ਉਹ ਹਾਥੀ ਉਹੀ ਸੀ ਜੋ ਹਰ ਰੋਜ਼ ਰਾਜ-ਮਹਿਲ ਆਉਂਦਾ ਸੀ। ਬਸ ਫਿਰ ਕੀ ਸੀ, ਹਾਥੀ ਨੇ ਆਪਣੀ ਵਫ਼ਾਦਾਰੀ ਨਿਭਾਈ ਅਤੇ ਉਲਟ ਅਭੀਪੁਰ ਦੀ ਸੈਨਾ ਤੇ ਹਮਲਾ ਬੋਲ ਦਿੱਤਾ। ਹਾਥੀ ਨੂੰ ਜਦੋਂ ਉਨ੍ਹਾਂ ਨੇ ਆਪਣੇ ਵੱਲ ਆਉਂਦਾ ਵੇਖਿਆ ਤਾਂ ਅੱਧੀ ਸੈਨਾ ਤਾਂ ਡਰ ਦੇ ਕਾਰਨ ਰਫੂ-ਚੱਕਰ ਹੋ ਗਈ ਅਤੇ ਉਸ ਹਾਥੀ ਨੇ ਬਹੁਤ ਸਾਰੇ ਅਭੀਪੁਰ ਦੇ ਸੈਨਿਕ ਜ਼ਖਮੀ ਕਰ ਦਿੱਤੇ।



ਰਾਜੇ ਵੀਰਸੈਨ ਨੇ ਵੀ ਉਸ ਰਾਜੇ ਨੂੰ ਚੰਗਾ ਸਬਕ ਸਿਖਾਇਆ ਅਤੇ ਉਸ ਨੂੰ ਬੰਦੀ ਬਣਾ ਲਿਆ ਅਤੇ ਉਸ ਨੇ ਹਾਰ ਮੰਨ ਲਈ। ਰਾਜੇ ਵੀਰਸੈਨ ਨੇ ਉਸ ਨੂੰ ਜੇਲ ਵਿੱਚ ਕੈਦ ਕਰ ਦਿੱਤਾ ਅਤੇ ਅਭੀਪੁਰ ਨੂੰ ਆਪਣੇ ਰਾਜ ਵਿੱਚ ਮਿਲਾ ਲਿਆ। ਬਾਅਦ ਵਿੱਚ ਪਤਾ ਲੱਗਿਆ ਕਿ ਉਸ ਰਾਜੇ ਨੇ ਹਾਥੀ ਨੂੰ ਜੰਗਲ ਵਿੱਚੋਂ ਕੈਦ ਕਰ ਲਿਆ ਸੀ ਜਿਸ ਕਾਰਨ ਹਾਥੀ ਕਈ ਦਿਨ ਆਇਆ ਨਹੀਂ ਸੀ। ਅਭੀਪੁਰ ਦੀ ਪ੍ਰਜਾ ਆਪਣੇ ਨਵੇਂ ਰਾਜੇ ਨੂੰ ਪਾ ਕੇ ਬਹੁਤ ਖੁਸ਼ ਹੋਈ। ਉਨ੍ਹਾਂ ਨੇ ਬਿਲਕੁਲ ਵੀ ਆਪਣੇ ਰਾਜੇ ਦਾ ਅਫ਼ਸੋਸ ਨਾ ਕੀਤਾ ਕਿਉਂਕਿ ਵੀਰਸੈਨ ਬਹੁਤ ਦਿਆਲੂ ਤੇ ਨਿਆਂਪ੍ਰਿਯ ਸੀ। ਵੀਰਸੈਨ ਨੇ ਉਸ ਹਾਥੀ ਨੂੰ ਉਸ ਦੇ ਦੋਨੋਂ ਨੰਨੇ ਬੱਚਿਆਂ ਨਾਲ ਮਿਲਾ ਦਿੱਤਾ। ਉਹ ਆਪਸ ਵਿੱਚ ਮਿਲ ਕੇ ਬਹੁਤ ਖੁਸ਼ ਹੋਏ। ਰਾਜੇ ਨੇ ਫਿਰ ਹਾਥੀ ਅਤੇ ਉਸ ਦੇ ਬੱਚਿਆਂ ਨੂੰ ਜੰਗਲ ਵਿੱਚ ਹੀ ਛੱਡ ਦਿੱਤਾ। ■

ਬਾਲ ਕਹਾਣੀ- ਅਮਨਪ੍ਰੀਤ ਸਿੰਘ

# ਕਦੇ ਨਾ ਭੁੱਲੋ

- ਉਭਲਦੇ ਹੋਏ ਪਾਣੀ ਵਿੱਚ ਜਿਸ ਤਰ੍ਹਾਂ ਅਸੀਂ ਆਪਣਾ ਪ੍ਰਤੀਬਿੰਬ ਨਹੀਂ ਵੇਖ ਸਕਦੇ, ਉਸੇ ਤਰ੍ਹਾਂ ਅਸੀਂ ਕ੍ਰੋਧੀ ਬਣ ਕੇ ਨਹੀਂ ਸਮਝ ਸਕਦੇ ਕਿ ਸਾਡੀ ਭਲਾਈ ਕਿਸ ਗੱਲ ਵਿੱਚ ਹੈ।

– ਮਹਾਤਮਾ ਬੁੱਧ

- ਦੂਸਰਿਆਂ ਦੇ ਅਨੁਭਵ ਤੋਂ ਲਾਭ ਲੈਣ ਵਾਲਾ ਬੁੱਧੀਮਾਨ ਹੈ।
- ਗਰੀਬ ਉਹ ਨਹੀਂ ਜਿਸ ਦੇ ਕੋਲ ਧਨ ਘੱਟ ਹੈ ਬਲਕਿ ਧਨਵਾਨ ਹੁੰਦੇ ਹੋਏ ਵੀ ਜਿਸ ਦੀ ਇੱਛਾ ਘੱਟ ਨਹੀਂ ਹੋਈ ਹੈ ਉਹ ਸਭ ਤੋਂ ਜ਼ਿਆਦਾ ਗਰੀਬ ਹੈ।

– ਵਿਨੋਬਾ ਭਾਵੇ

- ਸੱਚੇ ਮਿੱਤਰ ਹੀਰਿਆਂ ਦੀ ਤਰ੍ਹਾਂ ਕੀਮਤੀ ਅਤੇ ਦੁਰਲਭ ਹਨ। ਝੂਠੇ ਦੋਸਤ ਪਤਝੜ ਦੀਆਂ ਪੱਤੀਆਂ ਦੀ ਤਰ੍ਹਾਂ ਹਰ ਜਗ੍ਹਾ ਮਿਲਦੇ ਹਨ।

– ਅਰਸਤੂ

- ਇਸ ਨਿਯਮ ਨੂੰ ਯਾਦ ਰੱਖੋ – ਜੇਕਰ ਤੁਸੀਂ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਅਰਪਿਤ ਕਰਨਾ ਸਿੱਖੋ।

– ਸੁਭਾਸ਼ਚੰਦਰ ਬੋਸ

- ਆਦਮੀ ਜੋ ਕੁੱਝ ਕਰਦਾ ਹੈ ਉਸ ਤੋਂ ਕਿਤੇ ਜ਼ਿਆਦਾ ਕਰਨ ਦੀ ਤਾਕਤ ਉਸ ਵਿੱਚ ਹੁੰਦੀ ਹੈ।
- ਚੰਗੇ ਕੰਮ ਕਰਨ ਲਈ ਕਿਸੇ ਵੱਡੇ ਮੌਕੇ ਦੀ ਉਡੀਕ ਨਾ ਕਰੋ ਬਲਕਿ ਛੋਟੇ-ਛੋਟੇ ਮੌਕਿਆਂ ਤੋਂ ਹੀ ਲਾਭ ਉਠਾਉ।
- ਅਗਿਆਨੀ ਅਤੇ ਮੂਰਖ ਵਿਅਕਤੀ ਦੀ ਸੰਗਤ ਹੀ ਨਰਕ ਹੈ।

– ਉਮਰ ਖੈਯਾਮ

- ਜੋ ਵਿਅਕਤੀ ਨਿਸ਼ਚਾ ਕਰ ਸਕਦਾ ਹੈ ਉਸ ਦੇ ਲਈ ਕੁੱਝ ਵੀ ਅਸੰਭਵ ਨਹੀਂ।

– ਇਮਰਸਨ

- ਮਨੁੱਖ ਜਿੰਨਾ ਛੋਟਾ ਹੁੰਦਾ ਹੈ ਉਸਦਾ ਹੰਕਾਰ ਓਨਾ ਹੀ ਵੱਡਾ ਹੁੰਦਾ ਹੈ।

– ਰੀਮੋ

- ਮਿੱਤਰ ਪਾਉਣ ਦਾ ਇੱਕ ਹੀ ਤਰੀਕਾ ਹੈ ਖੁਦ ਕਿਸੇ ਦਾ ਮਿੱਤਰ ਬਣ ਜਾਣਾ।

– ਕਾਲੀਦਾਸ

- ਅਹਿੰਸਾ ਸਭ ਤੋਂ ਵੱਡਾ ਪੁੰਨ ਹੈ।

– ਤੁਲਸੀਦਾਸ

- ਜੀਵਨ ਜੀਣ ਨਾਲ ਕੋਈ ਬੁੱਢਾ ਨਹੀਂ ਹੁੰਦਾ, ਉਹ ਬੁੱਢਾ ਹੁੰਦਾ ਹੈ ਜੀਵਨ ਦੇ ਪ੍ਰਤੀ ਰੁਚੀ ਨਹੀਂ ਰੱਖਣ ਨਾਲ।

– ਚਾਣਕਯ

ਸੰਗ੍ਰਹਿ ਕਰਤਾ: ਡਿੰਪਲਜੀਤ ਰੰਧਾਵਾ

# ਜ਼ਿੰਮੇਵਾਰੀ



ਇੱਕ ਰਾਜਾ ਸਾਲਾਂ ਤੋਂ ਸੁਖਪੂਰਵਕ ਰਾਜ ਕਰਦਾ ਆ ਰਿਹਾ ਸੀ ਲੇਕਿਨ ਜਦ ਦੇਸ਼ ਵਿੱਚ ਸਮੱਸਿਆਵਾਂ ਖੜੀਆਂ ਹੋਣ ਲੱਗੀਆਂ ਤਾਂ ਉਸ ਦੀ ਚਿੰਤਾ ਵਧ ਗਈ। ਉਸ ਨੂੰ ਸਮੇਂ ਸਿਰ ਭੁੱਖ ਨਾ ਲੱਗਦੀ, ਭੋਜਨ ਵੀ ਸਵਾਦੀ ਨਹੀਂ ਲੱਗਦਾ। ਰਾਤ ਨੂੰ ਨੀਂਦ ਵੀ ਨਹੀਂ ਆਉਂਦੀ, ਉਹ ਉਲਝਿਆ-ਉਲਝਿਆ ਰਹਿਣ ਲੱਗਾ। ਹਾਲਾਤਾਂ ਤੋਂ ਘਬਰਾ ਕੇ ਉਹ ਆਪਣੇ ਗੁਰੂ ਦੇ ਕੋਲ ਗਿਆ ਅਤੇ ਬੋਲਿਆ- ਗੁਰੁਦੇਵ ਕੀ ਕਰਾਂ? ਕੰਮ-ਕਾਜ ਵਿੱਚ ਮਨ ਨਹੀਂ ਲੱਗਦਾ। ਇੱਛਾ ਹੁੰਦੀ ਹੈ ਕਿ ਰਾਜਪਾਟ ਛੱਡ ਕੇ ਕਿਤੇ ਹੋਰ ਭੱਜ ਜਾਵਾਂ।

ਰਾਜਾ ਦੇ ਗੁਰੂ ਬ੍ਰਹਮਗਿਆਨੀ ਸਨ। ਰਾਜੇ ਦੇ ਸੁਭਾਅ ਤੋਂ ਜਾਣੂ ਸਨ। ਉਹ ਬੋਲੇ- ਰਾਜ ਦਾ ਭਾਰ ਆਪਣੇ ਪੁੱਤਰ ਨੂੰ ਸੌਂਪ ਦਿਉ ਅਤੇ ਖੁਦ ਨਿਸ਼ਚਿੰਤ ਹੋ ਕੇ ਰਹੋ।

ਗੁਰੂ ਦੀ ਗੱਲ ਸੁਣ ਕੇ ਰਾਜਾ ਨੇ ਕਿਹਾ - ਗੁਰੁਦੇਵ ਪੁੱਤਰ ਅਜੇ ਛੋਟਾ ਹੈ, ਉਹ ਅਜੇ ਪੜ੍ਹਾਈ ਕਰ ਰਿਹਾ ਹੈ।

ਗੁਰੂ ਬੋਲੇ - ਤਾਂ ਫਿਰ ਇੰਝ ਕਰ ਕਿ ਇਹ ਰਾਜ ਮੈਨੂੰ ਸੌਂਪ ਦੇ।

ਰਾਜਾ ਖੁਸ਼ ਹੋ ਗਿਆ, ਉਸ ਨੇ ਪੂਰਾ ਰਾਜ ਗੁਰੂ ਨੂੰ ਸੌਂਪ ਦਿੱਤਾ ਅਤੇ ਖੁਦ ਉਥੋਂ ਜਾਣ ਲੱਗਾ।

ਗੁਰੂ ਜੀ ਨੇ ਪੁੱਛਿਆ - ਕਿਥੇ ਜਾ ਰਹੇ ਹੋ?

ਰਾਜਾ ਨੇ ਕਿਹਾ - ਕਿਸੇ ਦੂਸਰੇ ਦੇਸ਼ ਵਿੱਚ ਜਾ ਕੇ ਕਾਰੋਬਾਰ ਕਰਾਂਗਾ।

ਗੁਰੂ ਜੀ ਨੇ ਪੁੱਛਿਆ - ਕਾਰੋਬਾਰ ਲਈ ਪੈਸਾ ਕਿਥੋਂ ਆਵੇਗਾ?

ਰਾਜਾ ਨੇ ਕਿਹਾ - ਖਜਾਨੇ ਵਿਚੋਂ ਧਨ ਲੈ ਜਾਉਂਗਾ।

ਗੁਰੂ ਨੇ ਕਿਹਾ - ਖਜਾਨਾ ਆਪ ਦਾ ਹੈ ਕੀ? ਉਹ ਤਾਂ ਆਪ ਨੇ ਮੈਨੂੰ ਸੌਂਪ ਦਿੱਤਾ ਹੈ।

ਰਾਜਾ ਨੇ ਕਿਹਾ ਆਪ ਨੇ ਠੀਕ ਕਿਹਾ, ਮੇਰੇ ਤੋਂ ਭੁੱਲ ਹੋ ਗਈ। ਮੈਂ ਇਥੋਂ ਕੁੱਝ ਵੀ ਨਹੀਂ ਲੈ ਕੇ ਜਾਉਂਗਾ। ਬਾਹਰ ਜਾ ਕੇ ਕਿਤੇ ਨੌਕਰੀ ਕਰਾਂਗਾ।

ਗੁਰੁਦੇਵ ਬੋਲੇ ਨੌਕਰੀ ਹੀ ਕਰਨੀ ਹੈ ਤਾਂ ਮੇਰੇ ਕੋਲ ਕਰ ਲਉ।

- ਕੰਮ ਕੀ ਕਰਨਾ ਹੋਵੇਗਾ? ਰਾਜਾ ਨੇ ਪੁੱਛਿਆ।

- ਮੈਂ ਜੋ ਕਹਾਂਗਾ ਉਹੀ ਕੰਮ ਕਰਨਾ ਪਏਗਾ। - ਗੁਰੂ ਨੇ ਕਿਹਾ।

ਰਾਜਾ ਨੇ ਗੁਰੁਦੇਵ ਦਾ ਆਦੇਸ਼ ਸਵੀਕਾਰ ਕਰ ਲਿਆ ਅਤੇ ਗੁਰੂ ਜੀ ਦੇ ਕੋਲ ਨੌਕਰੀ ਤੇ ਰਹਿ ਗਿਆ। ਗੁਰੂ ਨੇ ਉਸ ਨੂੰ ਰਾਜ ਦਾ ਪੂਰਾ ਕੰਮ ਦੇ ਦਿੱਤਾ। ਜੋ ਕੰਮ ਰਾਜਾ ਪਹਿਲਾਂ ਕਰਦਾ ਸੀ ਉਹੀ ਹੁਣ ਫਿਰ ਉਸ ਦੇ ਹਿੱਸੇ ਵਿੱਚ ਆ ਗਿਆ। ਫਰਕ ਸਿਰਫ ਇਹ ਰਿਹਾ ਕਿ ਉਸ ਤੇ ਕੰਮ ਦਾ ਭਾਰ ਨਹੀਂ ਰਿਹਾ। ਰਾਜਾ ਨੂੰ ਭੁੱਖ ਲੱਗਣ ਲੱਗੀ, ਨੀਂਦ ਆਉਣ ਲੱਗੀ। ਅਜਿਹੀ ਕੋਈ ਸਮੱਸਿਆ ਨਹੀਂ ਸੀ ਜੋ ਉਸ ਦੇ ਕੰਮ ਵਿੱਚ ਰੁਕਾਵਟ ਪਾਉਂਦੀ। ਇੱਕ ਹਫ਼ਤੇ ਬਾਦ ਗੁਰੂ ਨੇ ਰਾਜਾ ਨੂੰ ਬੁਲਾ ਕੇ ਪੁੱਛਿਆ - ਹੁਣ ਕੀ ਹਾਲਤ ਹੈ?

ਰਾਜਾ ਨੇ ਕਿਹਾ - ਆਪ ਦਾ ਉਪਕਾਰ ਕਦੇ ਨਹੀਂ ਭੁੱਲਾਂਗਾ। ਹੁਣ ਮੈਂ ਪਰਮ ਆਨੰਦ ਵਿੱਚ ਹਾਂ। ਉਹੀ ਸਥਾਨ, ਉਹੀ ਕੰਮ। ਪਹਿਲਾਂ ਕੰਮ ਬੋਝ ਲੱਗਦਾ ਸੀ ਹੁਣ ਬੋਝ ਉਤਰ ਗਿਆ। ਨਿਸ਼ਚਿੰਤਤਾ ਆ ਗਈ, ਇਸ ਦਾ ਕਾਰਣ ਸੀ - ਜ਼ਿੰਮੇਵਾਰੀਆਂ ਤੋਂ ਮੁਕਤੀ।

- ਇਸੇ ਤਰ੍ਹਾਂ ਅਸੀਂ ਦੁਨਿਆਵੀ ਕਰਮਾਂ ਨੂੰ ਪ੍ਰਭੂ ਨੂੰ ਸਮਰਪਿਤ ਕਰਕੇ ਪ੍ਰਭੂ ਦੀ ਦਿੱਤੀ ਹੋਈ ਜ਼ਿੰਮੇਵਾਰੀ ਸਮਝ ਕੇ ਕਰੀਏ ਤਾਂ ਅਸੀਂ ਤਨਾਅ ਮੁਕਤ ਅਤੇ ਸੁਖਪੂਰਵਕ ਜੀਵਨ ਬਿਤਾ ਸਕਦੇ ਹਾਂ।

ਬਾਲ ਕਹਾਣੀ: ਰਾਘਵਦਾਸ ਨਿਰੰਕਾਰੀ

ਚਿੱਤਰਕਥਾ

# ਧਰੁਵ ਤਾਰਾ


ਚਿੱਤਰਕਾਰ ਅਤੇ ਲੇਖਕ: ਅਜੈ ਕਾਲੜਾ









ਬਹੁਤ ਸਮਾਂ ਪਹਿਲਾਂ ਦੀ ਗੱਲ ਹੈ। ਉਤਾਨਪਾਦ ਨਾਮ ਦਾ ਇੱਕ ਰਾਜਾ ਸੀ। ਜਿਸ ਦੀਆਂ ਦੋ ਰਾਣੀਆਂ ਸਨ ਅਤੇ ਦੋਵਾਂ ਰਾਣੀਆਂ ਦੇ ਇੱਕ-ਇੱਕ ਪੁੱਤਰ, ਧਰੁਵ ਅਤੇ ਉੱਤਮ ਸਨ।
ਰਾਜਾ ਜ਼ਿਆਦਾ ਸਮਾਂ ਆਪਣੀ ਛੋਟੀ ਰਾਣੀ ਸੁਰੁਚੀ ਅਤੇ ਉਸ ਦੇ ਪੁੱਤਰ ਉਤਮ ਦੇ ਨਾਲ ਗੁਜਾਰਦਾ ਸੀ। ਜਦਕਿ ਸੁਰੁਚੀ ਬਹੁਤ ਹੀ ਤੇਜ਼ ਅਤੇ ਚਾਲਾਕ ਸੀ।
ਉਥੇ ਵੱਡੀ ਰਾਣੀ ਸੁਨੀਤੀ ਰਾਜਾ ਤੋਂ ਹਮੇਸ਼ਾ ਅਪਮਾਨਿਤ ਹੁੰਦੀ ਰਹਿੰਦੀ। ਰਾਣੀ ਸੁਨੀਤੀ ਬਹੁਤ ਹੀ ਸਿੱਧੀ-ਸਾਦੀ ਸੀ ਅਤੇ ਉਸ ਦਾ ਪੁੱਤਰ ਧਰੁਵ ਵੀ ਬਹੁਤ ਭੋਲਾ ਸੀ।
ਇੱਕ ਦਿਨ ਧਰੁਵ ਅਤੇ ਉਤਮ ਦੋਵੇਂ ਖੇਡ ਕੇ ਆਏ ਅਤੇ ਦੋਵੇਂ ਆਪਣੇ ਪਿਤਾ ਦੀ ਗੋਦ ਵਿੱਚ ਬੈਠ ਗਏ। ਧਰੁਵ ਨੂੰ ਰਾਜਾ ਦੀ ਗੋਦ ਵਿੱਚ ਬੈਠਾ ਵੇਖ ਕੇ ਛੋਟੀ ਰਾਣੀ ਸੁਰੁਚੀ ਅੱਗਬਬੂਲਾ ਹੋ ਗਈ।



ਰਾਣੀ ਸੁਰੁਚੀ ਨੇ ਧਰੁਵ ਦਾ ਹੱਥ ਫੜ ਕੇ ਉਸ ਨੂੰ ਰਾਜਾ ਦੀ ਗੋਦ ਵਿਚੋਂ ਹੇਠਾਂ ਉਤਾਰ ਦਿੱਤਾ ਅਤੇ ਝਿੜਕਦੇ ਹੋਏ ਉਸ ਨੂੰ ਆਪਣੀ ਮਾਂ ਦੀ ਗੋਦ ਵਿੱਚ ਬੈਠਣ ਨੂੰ ਕਿਹਾ।
ਧਰੁਵ ਰੋਂਦੇ ਹੋਏ ਆਪਣੀ ਮਾਂ ਦੇ ਕੋਲ ਗਿਆ ਅਤੇ ਬੋਲਿਆ – ਮਾਂ ਕੀ ਪਿਤਾ ਜੀ ਸਿਰਫ ਉਤਮ ਦੇ ਹੀ ਹਨ।
ਮਾਂ ਉਸ ਦੀ ਗੱਲ ਸੁਣ ਕੇ ਬਹੁਤ ਦੁੱਖੀ ਹੋਈ ਅਤੇ ਬੋਲੀ ਕਿ ਉਹ ਭਗਵਾਨ ਨੂੰ ਪੁੱਛੇਗੀ ਕਿ ਉਹਨਾਂ ਨੇ ਸਾਡੇ ਨਾਲ ਇੰਝ ਕਿਉਂ ਕੀਤਾ?
ਮਾਂ ਨੂੰ ਦੁੱਖੀ ਵੇਖ ਕੇ ਧਰੁਵ ਖੁਦ ਹੀ ਭਗਵਾਨ ਤੋਂ ਪੁੱਛਣ ਅਤੇ ਭਗਵਾਨ ਦੀ ਖੋਜ ਲਈ ਜੰਗਲ ਵਿੱਚ ਨਿਕਲ ਪਿਆ। ਘਣੇ ਜੰਗਲ ਵਿੱਚ ਧਰੁਵ ਨੂੰ ਵੇਖ ਕੇ ਸਪਤਰਿਸ਼ੀਆਂ ਨੇ ਧਰੁਵ ਤੋਂ ਪੁੱਛਿਆ ਕਿ ਤੂੰ ਇੱਥੇ ਕੀ ਕਰ ਰਿਹਾ ਹੈ? ਧਰੁਵ ਨੇ ਉਹਨਾਂ ਨੂੰ ਸਭ ਕੁੱਝ ਦੱਸਿਆ। ਧਰੁਵ ਦਾ ਦ੍ਰਿੜ ਨਿਸ਼ਚਾ ਵੇਖ ਕੇ ਰਿਸ਼ੀਆਂ ਨੇ ਧਰੁਵ ਨੂੰ ਪ੍ਰਭੂ-ਸਿਮਰਨ ਕਰਨ ਲਈ ਕਿਹਾ ।


ਪ੍ਰਭੂ ਸਿਮਰਨ ਯੁਕਤੀ ਕੀ ਮਿਲੀ। ਧਰੁਵ ਨੇ ਉਥੇ ਜੰਗਲ ਵਿੱਚ ਪ੍ਰਭੂ ਸਿਮਰਨ ਸ਼ੁਰੂ ਕਰ ਦਿੱਤਾ। ਨਾ ਜਾਨਵਰਾਂ ਦਾ ਡਰ, ਨਾ ਰੁੱਤਾਂ ਦਾ ਕੋਈ ਪ੍ਰਭਾਵ। ਉਹ ਤਾਂ ਬਸ ਭਗਵਾਨ ਦੀ ਭਗਤੀ ਵਿੱਚ ਲੀਨ ਹੋ ਗਿਆ।
ਉਸ ਦੀ ਦ੍ਰਿੜ ਨਿਸ਼ਠਾ ਅਤੇ ਇੱਛਾ ਸ਼ਕਤੀ ਨੇ ਭਗਵਾਨ ਵਿਸ਼ਣੂ ਨੂੰ ਧਰੁਵ ਨੂੰ ਦਰਸ਼ਨ ਦੇਣ ਲਈ ਮਜ਼ਬੂਰ ਕਰ ਦਿੱਤਾ ਅਤੇ ਧਰੁਵ ਤੋਂ ਵਿਸ਼ਣੂ ਨੇ ਪੁੱਛਿਆ – ਦੱਸ ਧਰੁਵ ਤੈਨੂੰ ਕੀ ਚਾਹੀਦਾ ਹੈ?
ਧਰੁਵ ਨੇ ਸਿਰਫ ਇਹੀ ਮੰਗਿਆ ਕਿ ਭਗਵਾਨ ਮੈਨੂੰ ਅਸ਼ੀਰਵਾਦ ਦਿਉ ਕਿ ਮੈਂ ਸਦਾ ਚੰਗੇ ਕੰਮ ਹੀ ਕਰਾਂ ਅਤੇ ਹਮੇਸ਼ਾਂ ਆਪ ਦੇ ਚਰਨਾਂ ਵਿੱਚ ਪਿਆ ਰਹਾਂ।
ਭਗਵਾਨ ਵਿਸ਼ਣੂ ਬਹੁਤ ਖੁਸ਼ ਹੋਏ ਅਤੇ ਆਸ਼ੀਰਵਾਦ ਦਿੱਤਾ ਕਿ ਧਰੁਵ ਤੂੰ ਹਮੇਸ਼ਾਂ ਆਕਾਸ਼ ਵਿੱਚ ਅਟਲ ਅਤੇ ਅਡਿੱਗ ਰਹਿ ਕੇ ਜਗਮਗਾਉਂਦੇ ਰਹੋਗੇ ਅਤੇ ਤੇਰੀ ਮਾਤਾ ਅਤੇ ਸਪਤਰਿਸ਼ੀ ਹਮੇਸ਼ਾਂ ਤੇਰੇ ਆਸਪਾਸ ਚਮਕਦੇ ਰਹਿਣਗੇ ਜਿਹਨਾਂ ਨੇ ਤੈਨੂੰ ਭਗਤੀ ਦਾ ਮਾਰਗ ਦੱਸਿਆ ਹੈ। ਐਨਾ ਕਹਿ ਕੇ ਵਿਸ਼ਣੂ ਜੀ ਅੰਤਰਧਿਆਨ ਹੋ ਗਏ।
ਪਿਆਰੇ ਬੱਚਿਉ! ਅੱਜ ਵੀ ਭਗਤ ਧਰੁਵ ਆਕਾਸ਼ ਵਿਚ ਧਰੁਵ ਤਾਰੇ ਦੇ ਰੂਪ ਵਿੱਚ ਜਗਮਗਾਉਂਦਾ ਹੈ। ਆਪ ਵੀ ਹਨ੍ਹੇਰੀ ਰਾਤ ਵਿੱਚ ਉਤੱਰ ਦਿਸ਼ਾ ਵਿੱਚ ਉਸ ਨੂੰ ਜਗਮਗਾਉਂਦੇ ਹੋਏ ਵੇਖ ਸਕਦੇ ਹੋ।

# ਬੁੱਧੀ ਦੀ ਪਰਖ

**ਦੋਹਾਂ ਚਿਤੱਰਾਂ ਵਿਚੋਂ 10 ਅੰਤਰ ਲੱਭੋ!**





Nirankari Radio

radio.nirankari.org

24x7

Kids Divine

ek ruhani muskaan

kids.nirankari.org

Catch the latest episode on 23rd of every month

News Divine

www.nirankari.org

Catch the latest episode on 10th of every month

सुनो तराने नए पुराने

Nirankari Radio

Bhakti Sangeet

radio.nirankari.org

Catch the latest episode on 20th of every month

SOUL VIBES

radio.nirankari.org

Catch the latest episode on Last Friday of every month

Voice Divine


radio.nirankari.org


Catch the latest episode on 1st & 16th of every month

Posted at LPC Delhi RMS, Delhi-110006. Prescribed dates 23rd & 24th. Date of Publication: 17th & 18th (Advance Month)

Registered with the Registrar of Newspaper For India Under RNI No. 32345/1977 : Delhi Postal Regd. No. DL (N)/137/2021-2023 : Licence No. U (DN)-60/2021-23 : Licenced to post without Pre-payment





# NIRANKARI JEWELS

78-84, Edward Line, Kingsway Camp, Delhi, 110009
Near G.T.B. Nagar Metro Station Gate No. 4

011-42870440, 42870441, 47058133
nirankari_jewels@hotmail.com
www.nirankarijewels.com
@nirankarijewelsdelhi
Nirankari Jewels Pvt. Ltd.

Monday Closed

Customer Care : **9818883394**